ਸੰਮਤ: ੫੫੭ ਨਾਨਕਸ਼ਾਹੀ
ਸਾਕਾ: ੨੨੦
Weekly Paper
ਸਪਤਾਹਕ ਪਤਰ

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ ॥

# ਖ਼ਾਲਸਾ ਅਖ਼ਬਾਰ

੨੭ ਮਾਘ ਸੰਨ ੨੦੨੬ Monday,09 Feburay

ਮੁੱਖ ਸੰਪਾਦਕ
ਗਿਆਨੀ ਗੁਰਜੀਤ ਸਿੰਘ ਪਟਿਆਲਾ
ਸੰਪਾਦਕ: ਗੁਰਪ੍ਰੀਤ ਸਿੰਘ
ਉਪ ਸੰਪਾਦਕ: ਮੇਜਰ ਸਿੰਘ
ਅੰਗਰੇਜ਼ੀ ਸੰਪਾਦਿਕਾ: ਮਨਪ੍ਰੀਤ ਕੌਰ

www.khalsaakhbbar.com ਸੰਪਰਕ: +44 7491374913 khalsaakhbaar@gmail.com editor@khalsaakhbaar.com



## ਗੁਰਬਾਣੀ ਕੀਰਤਨੁ

ਗੁਰਬਾਣੀ ਕੀਰਤਨ ਪੂਰਾ ਬ੍ਰਹਮ-ਸਰੂਪ ਅਤੇ ਜੀਵਨ ਦਾ ਰਸ ਅਨੰਦ ਹੈ। ਇਹ ਸਿੱਖੀ ਦਾ ਮੂਲ ਆਧਾਰ ਹੈ। ਸਿੱਖੀ ਤੋਂ ਕੀਰਤਨ ਨੂੰ ਅਲੱਗ ਕਰਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਗੁਰਬਾਣੀ ਕੀਰਤਨ ਸਿੱਖ ਹਿਰਦੇ ਦੀ ਧੜਕਣ ਹੈ। ਜੇਕਰ ਇਸ ਨੂੰ ਸਿੱਖੀ ਦੀ ਰੂਹ ਆਖ ਲਿਆ ਜਾਵੇ ਤਾਂ ਇਹ ਕੋਈ ਅਤਕਥਨੀ ਨਹੀਂ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧੁਰ ਦਰਗਾਹ ਤੋਂ ਕੀਰਤਨ ਦਾ ਖਜ਼ਾਨਾ, ਮਨੁੱਖਤਾ ਦੀ ਝੋਲੀ ਪਾਇਆ। ਇਕਸੁਰ ਜੁੜ ਕੇ ਤੇ ਤਾਲਬੱਧ ਹੋ ਕੇ ਧੁਰ ਕੀ ਬਾਣੀ ਦਾ ਕੀਰਤਨ ਗਾਇਨ ਕਰਨਾ ਬ੍ਰਹਮ ਦੀ ਪ੍ਰਾਪਤੀ ਹੈ।ਕਲਯੁਗ ਵਿਚ ਕੀਰਤਨ ਨੂੰ ਪ੍ਰਧਾਨਤਾ ਦਿੱਤੀ ਗਈ ਹੈ। ਮਨੁੱਖ ਦੀਆਂ ਸਭਆਸ਼ਾਵਾਂ ਪੂਰੀਆਂ ਕਰਨ ਅਤੇ ਇਸ ਨੂੰ ਮੁਕਤੀ ਦੇ ਦਰ ਤਕ ਪਹੁੰਚਾਉਣ ਲਈ ਕੀਰਤਨ ਹੀ ਇਕ ਸਾਧਨ ਹੈ:ਕਲਜੁਗ ਮਹਿ ਕੀਰਤਨੁ ਪਰਧਾਨਾ।। ਗੁਰਮੁਖਿ ਜਪੀਐ ਲਾਇ ਧਿਆਨਾ।। ਆਪਿ ਤਰੈ ਸਗਲੇ ਕੁਲ ਤਾਰੇ ਹਰਿ ਦਰਗਹ ਪਤਿ ਸਿਉ ਜਾਇਦਾ।। ( ਅੰਗ ੧੦੭੫)ਪਾਵਨ ਗੁਰਬਾਣੀ ਦਾ ਕੀਰਤਨ ਕਰਨਾ ਹੀ ਜੋਗ ਹੈ, ਤਪ ਸਾਧਨਾ ਹੈ।ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੋਈ ਪ੍ਰਾਣਾਯਾਮ ਨਹੀਂ ਕੀਤਾ, ਨਾ ਹੀ ਕੋਈ ਧੂਣੀਆਂ ਤਾਪੀਆਂ ਅਤੇ ਨਾ ਹੀ ਕੋਈ ਜਲ ਧਾਰੇ ਕੀਤੇ:ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ।। ਮੈ ਦੇਵਾਨਾ ਭਇਆ ਅਤੀਤੁ।।ਕਰ ਕਾਸਾ ਦਰਸਨ ਕੀ ਭੂਖ।।ਮੈ ਦਰਿ ਮਾਗਉ ਨੀਤਾ ਨੀਤ।।ਤਉ ਦਰਸਨ ਕੀ ਕਰਉ ਸਮਾਇ।। ਮੈ ਦਰਿ ਮਾਗਤੁ ਭੀਖਿਆ ਪਾਇ।।(ਅੰਗ ੭੨੧)ਗੁਰੂ ਪਾਤਸ਼ਾਹ ਜੀ ਨੇ ਸਾਦੇ ਤੇ ਸੋਹਜ ਢੰਗ ਵਿਚ ਸੰਗਤਾਂ ਨੂੰ ਪਾਵਨ ਗੁਰਬਾਣੀ ਦਾ ਕੀਰਤਨ ਸੁਣਾਇਆ ਅਤੇ ਭੁੱਲੇ-ਭਟਕੇ ਤੇ ਕੁਰਾਹੇ ਪਏ ਲੋਕਾਂ ਨੂੰ ਮੁਕਤੀ ਦੇ ਦਰ ਤਕ ਪਹੁੰਚਾ ਦਿੱਤਾ। ਹਰਿ ਕੀਰਤਨ ਗਾਵਿਆ ਤੇ ਸੁਣਿਆ ਬੁਰੀ ਮੱਤ ਨੂੰ ਖਤਮ ਕਰ ਕੇ ਜੀਵਨ ਦੇ ਸਾਰੇ ਮਨੋਰਥ ਤੇ ਆਸ਼ਾਂ ਪੂਰਨ ਕਰ ਦਿੰਦਾ ਹੈ, ਮਨ ਅੰਦਰ ਕੋਈ ਐਸੀ ਹੇਠਲੇ ਪੱਧਰ ਦੀ ਕਾਮਨਾ ਰਹਿ ਹੀ ਨਹੀਂ ਜਾਂਦੀ। ਪਾਵਨ ਗੁਰਬਾਣੀ ਦਾ ਫ਼ਰਮਾਨ ਹੈ:ਜੋ ਜੋ ਕਥੈ ਸੁਨੈ ਹਰਿ ਕੀਰਤਨੁ ਤਾ ਕੀ ਦੁਰਮਤਿ ਨਾਸ।।ਸਗਲ ਮਨੋਰਥ ਪਾਵੈ ਨਾਨਕ ਪੂਰਨ ਹੋਵੈ ਆਸ।।(ਅੰਗ ੧੩੦੦)ਸੁਰਤੀ-ਵਿਰਤੀ ਠੀਕ ਰੱਖਣ ਲਈ ਅਤੇ ਪ੍ਰਭੂ-ਚਰਨਾਂ ਨਾਲ ਜੁੜਨ ਲਈ ਕੀਰਤਨ ਅਤਿ ਜ਼ਰੂਰੀ ਹੈ। ਪਾਵਨ ਗੁਰਬਾਣੀ ਦਾ ਕੀਰਤਨ ਮਨੁੱਖ ਨੂੰ ਮੁਕਤੀ ਦੇ ਦਰ ਤਕ ਪਹੁੰਚਾਉਂਦਾ ਹੈ। ਸਮੂਹ ਲੋਕਾਈ ਨੂੰ ਇਸ ਜਗਤ-ਜਲੰਦੇ ਵਿਚ ਗੁਰਬਾਣੀ ਕੀਰਤਨ ਤੋਂ ਬਿਨਾਂ ਸੱਚੀ ਮਾਨਸਿਕ ਤੇ ਆਤਮਿਕ ਸੰਤੁਸ਼ਟੀ ਹਾਸਲ ਹੋਣੀ ਅਤਿ ਮੁਸ਼ਕਲ ਹੈ। ਇਸ ਦੀ ਨਿਰਮਲ ਓਟ ਹੀ ਸਾਡੀਆਂ ਸਭਨਾਂ ਸਮੱਸਿਆਵਾਂ ਤੇ ਉਲਝਣਾਂ ਨੂੰ ਦੂਰ ਕਰ ਸਕਦੀ ਹੈ।ਅਜੋਕੇ ਯੁੱਗ ਵਿਚ ਮੀਡੀਆ ਨੇ ਸੰਚਾਰ ਸਾਧਨਾਂ ਰਾਹੀਂ ਸਾਰੀ ਦੁਨੀਆਂ ਵਿਚ ਗੁਰਬਾਣੀ ਕੀਰਤਨ ਦਾ ਪ੍ਰਸਾਰ ਕੀਤਾ। ਮੀਡੀਏ ਦਾ ਇਹ ਯੋਗਦਾਨ ਸਲਾਹੁਣਯੋਗ ਹੈ। ਦੇਸ਼-ਵਿਦੇਸ਼ ਦੇ ਹਰ ਕੋਨੇ ਵਿਚ ਬੈਠਾ ਗੁਰੂ ਕਾ ਸਿੱਖ ਤੇ ਇਸ ਦੇ ਨਾਲ-ਨਾਲ ਗੁਰਬਾਣੀ ਦੀ ਇਲਾਹੀ ਦਾਤ ਦੀ ਸਮਝ-ਸਾਰ ਰੱਖਣ ਵਾਲੇ ਸਤਿਸੰਗੀ-ਜਨ, ਗੁਰਬਾਣੀ ਕੀਰਤਨ ਸਰਵਣ ਕਰਨ ਦਾ ਲਾਹਾ ਲੈ ਰਹੇ ਹਨ। ਜਿਥੇ ਇਹ ਡੂੰਘੀ ਤਸੱਲੀ ਦੇਣ ਵਾਲੀ ਗੱਲ ਹੈ, ਉਥੇ ਇਹ ਗੁਰਬਾਣੀ ਕੀਰਤਨੀਆਂ ਦੇ ਡੂੰਘੇ ਧਿਆਨ ਤੇ ਸੁਚੇਤਨਤਾ ਰੱਖਣ ਯੋਗ ਮੁਕਾਮ ਵੀ ਹੈ।ਸਾਨੂੰ ਗੁਰਬਾਣੀ ਕੀਰਤਨ ਕਰਨ ਵਾਲਿਆਂ ਨੂੰ ਧੁਰ ਕੀ ਬਾਣੀ ਦੇ ਕੀਰਤਨ ਨੂੰ ਬਿਲਕੁਲ ਹੀ ਸਿੱਧੇ ਢੰਗ ਨਾਲ ਨਹੀਂ ਗਾਉਣਾ ਚਾਹੀਦਾ, ਬਲਕਿ ਗੁਰਮਤਿ ਸ਼ੈਲੀ ਅਤੇ ਗੁਰੂ ਪਾਤਸ਼ਾਹ ਜੀ ਦੀ ਭੈ-ਭਾਵਨੀ ਅੰਦਰ ਵਿਚਰਦਿਆਂ ਅਤੇ ਪੂਰੀ ਸ਼ਰਧਾ ਨਾਲ ਪਾਵਨ ਗੁਰਬਾਣੀ ਦਾ ਕੀਰਤਨ ਕਰਨਾ ਚਾਹੀਦਾ ਹੈ। ਇਹ ਤਾਂ ਬੜੀ ਚੰਗੀ ਗੱਲ ਹੈ ਕਿ ਵੱਡੀ ਗਿਣਤੀ ਵਿਚ ਗੁਰਬਾਣੀ ਕੀਰਤਨੀਏ ਸੰਗਤਾਂ ਦੇ ਸਨਮੁਖ ਆ ਰਹੇ ਹਨ, ਐਪਰ ਸੋਚਣ ਵਾਲਾ ਪੱਖ ਇਹ ਵੀ ਹੈ ਕਿ ਯੋਗ ਲੋੜੀਂਦੀ ਸਿਖਲਾਈ ਅਤੇ ਅਤਿ ਆਵੱਸ਼ਕ ਰਿਆਜ਼ ਤੇ ਅਭਿਆਸ ਤੋਂ ਬਿਨਾਂ ਇਸ ਖੇਤਰ 'ਚ ਇੱਛਤ ਪੱਧਰ ਨੂੰ ਕਾਇਮ ਨਾ ਰੱਖਣ ਜਿਹੀਆਂ ਗੱਲਾਂ ਵੀ ਕਾਫੀ ਵਾਪਰ ਰਹੀਆਂ ਹਨ। ਪਾਵਨ ਗੁਰਬਾਣੀ ਦਾ ਕੀਰਤਨ ਕਰਨ ਸਮੇਂ ਗੁਰਬਾਣੀ ਨੂੰ ਸ਼ੁੱਧਤਾ ਨਾਲ ਉਚਾਰਨ ਕਰਨ ਦਾ ਵੀ ਪੂਰਾ-ਪੂਰਾ ਧਿਆਨ ਰੱਖਦਿਆਂ ਹੋਇਆਂ ਗਾਇਨ-ਸ਼ੈਲੀ (ਮਿਸ਼ਰਤ ਰੀਤਾਂ) ਵਿੱਚੋਂ ਸਾਡੀ ਮੌਲਿਕ ਪ੍ਰਤਿਭਾ ਦੀ ਝਲਕ ਪੈਣੀ ਚਾਹੀਦੀ ਹੈ। ਗੁਰਬਾਣੀ ਕੀਰਤਨ ਨਾਲ ਜੁੜੇ ਸਮੂਹ ਵੀਰਾਂ ਨੂੰ ਗੁਰਬਾਣੀ ਕੀਰਤਨ ਜਿਹੀ ਕੋਮਲ ਤੇ ਮਹੱਤਵਪੂਰਨ ਕਲਾ ਅਤੇ ਪਰੰਪਰਾ ਨੂੰ ਹਲਕੇ ਰੂਪ 'ਚ ਲੈਣਾ ਉਚਿਤ ਨਹੀਂ ਹੈ।ਸਨਿਮਰ ਸੁਝਾਅ ਹੈ ਕਿ ਗੁਰਬਾਣੀ ਕੀਰਤਨ ਨੂੰ ਨਿਰਾ ਕਿੱਤਾਮੁਖੀ ਨਾ ਬਣਾਇਆ ਜਾਵੇ, ਹਰ ਗੁਰੂ ਕੇ ਕੀਰਤਨੀਏ ਸਿੰਘ ਨੂੰ ਗੁਰਬਾਣੀ ਦਾ ਕੀਰਤਨ ਆਪਣੀ ਆਤਮਾ ਨੂੰ ਸੁਣਾਉਣਾ ਚਾਹੀਦਾ ਹੈ। ਜੇਕਰ ਗੁਰਬਾਣੀ ਦਾ ਕੀਰਤਨ ਕਰਨ ਵਾਲਾ ਅਨੰਦਮਈ ਆਵੇਸ਼ 'ਚ ਵਿਚਰ ਰਿਹਾ ਹੋਵੇ, ਫਿਰ ਹੀ ਸ੍ਰੋਤਿਆਂ ਨੂੰ ਅਨੰਦ ਆਉਂਦਾ ਹੈ, ਰਸ ਬਣਦਾ ਹੈ ਅਤੇ ਗੁਰੂ ਦੇ ਦਰ 'ਤੇ ਹਾਜ਼ਰੀ ਲੱਗਦੀ ਹੈ। ਗੁਰੂ ਪਾਤਸ਼ਾਹ ਜੀ ਸਾਡੇ 'ਤੇ ਕਿਰਪਾ ਕਰਨ ਸਾਨੂੰ ਗੁਰੂ-ਘਰ ਦੇ ਕੀਰਤਨੀਆਂ ਨੂੰ ਪਾਵਨ ਗੁਰਬਾਣੀ ਦਾ ਰਸ ਬਖਸ਼ਿਸ਼ ਕਰਨ ਅਤੇ ਆਪਣੇ ਚਰਨਾਂ ਨਾਲ ਜੋੜੀ ਰੱਖਣ!

**-ਭਾਈ ਗੁਰਮੇਲ ਸਿੰਘ (ਯੂ.ਐਸ.ਏ.)**

## बनसपति मउली चड़िआ बसंतु

.........गुरबाणी में दिन, वार, तिथियां, ऋतुएं, महीनों का जिक्र आया है तथा इनके माध्यम से मनुष्य को आत्मिक ज्ञान प्रदान किया गया है। यहां कुदरत का वर्णन किसी प्रकार की सगुण पूजा नहीं है बल्कि कुदरत में कादर का जलवा देखकर मनुष्य की अंदरूनी विस्माद अवस्था का निरूपण किया गया है। कुदरत का आनंद मन को प्रेरणा देने वाला बताया गया है। यहां हमने मात्र बसंत ऋतु का वर्णन करना है। गुरबाणी में बसंत ऋतु मानव के आत्मिक आनंद से सम्बंधित है।मानवीय जीवन का उद्देश्य आत्मिक आनंद प्राप्त करना है। यह प्राप्ति नाम-सिमरन द्वारा हो सकती है, अन्य किसी कर्म अर्थात् तप, तीर्थाटन आदि कर्मों के कमाने से नहीं। इस तरह बसंत का समय आने पर प्रकृति में हरियाली, सुगंधी एवं बहार आती है। इसी तरह नाम जपने वाला मनुष्य सदैव बसंत की तरह खिला रहता है। संगत में गुरु का उपदेश कमाने वाला साधक तो हमेशा ही आत्मिक आनंद में रहता है। बसंत ऋतु वर्ष में केवल दो महीने ही रहती है, जबकि नाम सिमरने वाला जीव सब ऋतुओं में खिला रहता है। उसके आत्मिक आनंद से अभिप्राय प्रभु का असल चिंतन होता है। प्रभु सदा बसंत की भांति अर्थात् सदा खिला रहता है। गुरबाणी का उद्देश्य मुरझाए हुए मनों को पुनः खिलाना और उनके अंदर प्यार की सुगंध पैदा करना है :

माहा रुती महि सद बसंतु ॥जितु हरिआ सभु जीअ जंतु॥ (पन्ना ११७२)

बसंत ऋतु प्रकृति में हर तरफ से आनंद लेकर आती है। यह आनंद मनुष्य के लिए एक प्रेरणा है जो मनुष्य अहं के कारण प्रभु से दूर होकर आत्मिक सूखे का मारा हुआ होने के कारण आत्मिक पक्ष से मुरझाकर निराश हो गया है। गुरमुखों की संगत करके वह पुनः हरा-भरा हो सकता है। गुरबाणी का यही मंतव्य है कि मनुष्य का यह मन हर्षित हो जाए। गुरबाणी सीधे तौर पर मनुष्य की आत्मिक जागृती से सम्बंधित है। गुरबाणी में बसंत ऋतु को मुबारकबाद कहा गया है, क्योंकि इसके द्वारा मनुष्य को एक ऐसी आंतरिक प्रेरणा मिलती है कि वह प्रभु-नाम में रंगा हुआ रहने के लिए विह्वल होता है। मनुष्य आध्यात्मिक पक्ष पर चलने से ही अंदर से हर्षित हो सकता है :बनसपति मउली चड़िआ बसंतु ॥

इहु मनु मउलिआ सतिगुरू संगि ॥ (पन्ना ११७६)

मउली धरती मउलिआ अकासु ॥ घटि घटि मउलिआ आतम प्रगासु ॥ (पन्ना ११९३)

गुरमुखों की संगत मनुष्य के हृदय में नाम की लगन पैदा करती है। नाम-सिमरन से ही मन में आनंद व व्यवहारिक जीवन में हुल्लास आता है। प्रभु की ज्योति का अतः करण में अनुभव करने से ही मानव जीवन में आनंद (बसंत) आ सकता है। संसार के जीव तृष्णा की अग्नि में जलकर नष्ट हो रहे हैं। उनके मन में समाए माया के भ्रमों एवं दुविधाओं ने जीवन को रूखा तथा शुष्क कर रखा है। यह ऋतु अर्थात् यह मानव जीवन का समय नामजपने तथा हरे-भरे होने अर्थात् आनंद प्राप्त करने का है। गुरबाणी आत्म-मार्ग है, जो बाहर के भटकाव का त्याग करने के लिए ही बराबर प्रेरणा दे रही है। मन में जब विचारों का अंत हो जाता है तो सुरति नाम-सिमरन में टिक जाती है। फिर बसंत की ऋतु में सदीवी आनंद, जो अमृत फल की तरह होता है की प्राप्ति होती है। यह आनंद सदाबहार, सदीवी हर्ष की भांति होता है। मनुष्य अपनी कमज़ोरियों से मुक्त होकर दैवी गुणों का मालिक बन जाता है। गुरु साहिबान वाहिगुरु को अनुभव करके अपनी पावन बाणी द्वारा सूखे हुए सांसारिक लोगों को हरा-भरा करने के लिए उपदेश दृढ़ करवा रहे हैं:हरि का नामु धिआइ कै होहु हरिआ भाई ॥ करमि लिखतै पाइए इह रुति सुहाई ॥ वणु त्रिणु त्रिभवणु मउलिआ अंम्रित फलु पाई ॥ मिलि साधू सुखु ऊपजै लथी सभ छाई ॥नानकु सिमरै एकु नामु फिरि बहुड़ि न धाई ॥(पन्ना ११९३)

प्रकृति का आनंद तो सब हरि के आनंद के कारण ही है। हरि तो सदैव खिला रहता है। बसंत ऋतु के आनंद से हमें हरि की याद आनी चाहिए, लेकिन हम हरि को औपचारिक रूप से पाठ-पठन द्वारा ही याद करते हैं। प्रभु के साथ मिलाप शारीरिक नहीं, आत्मिक होता है। यही मिलाप आत्मिक आनंद का साधन है। इसी साधन द्वारा ही आंतरिक आत्मिक शौहर (परमात्मा) का निवास मिल सकता है :--

पहिल बसतै आगमनि पहिला मउलिओ सोइ ॥ जित मउलिऐ सभ मउलीऐ तिसहि न मउलिहु कोइ ॥
- नानक तिना बसंतु है जिन्ह घरि वसिआ कंतु ॥ जिन के कंत दिसापुरी से अहिनिसि फिरहि जलंत ॥
(पन्ना ७९१)

गुरबाणी आत्म-जिज्ञासुओं को बाहरी आनंदतथा बाहरी मिलाप से ऊपर उठाकर आंतरिक-आत्मिक मिलाप के लिए प्रेरणा प्रदान करती है।इसके अनुभवी वचनों ने बहुत सारे लोगों को बाहरमुखता से आंतरिकमुखता की ओर प्रेरणा की है। आंतरिक आत्मा का मिलाप कभी वियोग का कारण नहीं बनता :

मिलिऐ मिलिआ ना मिलै मिलै मिलिआ जे होइ ॥ अंतर आतमै जो मिलै मिलिआ कहीऐ सोइ ॥
(पन्ना ७९१)

प्रभु बसंत ऋतु से पहले का है अर्थात् सदैवकालीन है। वही पहला खिला हुआ है। उसके खिलने से ही सारी सृष्टि खिलती है। प्रभु के खिलने का कारण कोई अन्य शक्ति नहीं है, वह अपने आप से ही खिलता है तथा सारी प्रकृति में आनंद का कारण भी वही है। गुरु साहिब उपदेश करते हैं कि उस प्रभु के गुणों की विचार करो जो हमेशा खिला रहता है। उस प्रभु का सिमरन करना चाहिए जो सब का सहारा है। सारा जगत उसके सहारे आनंदित होता है। गुरु साहिब ने बसंत ऋतु का आत्मीकरण किया है। जिन जीव-स्त्रियों का प्रभु-पति उनके हृदय रूपी घर में बसता है, उनके लिए सदैव बसंत है, उनके हृदय में हमेशा आनंद है। जिनके पति घर पर नहीं, परदेस गए हुए हैं अर्थात् जिनके हृदय में वाहिगुरु नहीं बसा, उनके लिए हमेशा पतझड़ है, निराशा है।गुरबाणी ने कुदरत में कादर का जलवादेखने तथा इसको प्यार करने का उपदेश दिया है। कुदरत के आनंद से मनुष्य की मानसिक अवस्था में जो विकास की भावना है, उसका प्रकटावा किया है। यह प्रकटावा अलग-अलग ऋतुओं के वर्णन के साथ-साथ, आत्मिक आनंद, संतुष्टि तथा प्रेरणा का स्रोत है। कुदरत को देखने-वाचने के उपरांत मन की स्थिरता एक अहम प्राप्ति है।

-डॉ. शमशेर सिंह (पटियाला)

# ਕੇਸ ਵਿਸ਼ੇਸ਼ ਸਭਨ ਤੇ ਜਾਨੋ

ਕਹਿੰਦੇ ਹਨ ਕਿ ਅਕਾਲ ਪੁਰਖ ਨੇ ਮਨੁੱਖ ਦੀ ਸਿਰਜਣਾ ਬੜੀ ਰੀਝ ਨਾਲ ਕੀਤੀ ਹੈ। ਜਿਸ ਮਿੱਟੀ ਨਾਲ ਇਸ ਨੂੰ ਘੜਿਆ ਹੈ ਉਹ 200 ਸਾਲ ਗੁੰਨ੍ਹ ਕੇ ਰੱਖੀ ਗਈ ਤੇ ਫਿਰ 280 ਸਾਲ ਹੋਰ ਮਨੁੱਖ ਦੀ ਘਾੜਤ 'ਤੇ ਸਰਫ ਕੀਤੇ ਗਏ ਤਾਂ ਜੋ ਅਜਿਹਾ ਮਨੁੱਖ ਸਿਰਜਿਆ ਜਾਵੇ ਜਿਹੜਾ ਹਰ ਲਿਹਾਜ਼ ਨਾਲ ਬੇਹੱਦ ਪਿਆਰਾ ਲੱਗੇ ! ਸਾਰਾ ਕੁਝ ਬਹੁਤ ਚਾਅ ਤੇ ਸੁਚੇਤ ਤਰੱਦਦਾਂ ਨਾਲ ਹੋਇਆ। ਯਹੂਦੀ ਤੇ ਈਸਾਈ ਧਰਮਾਂ ਦੀਆਂ ਲਿਖਤਾਂ ਵਿੱਚ ਹਵਾਲੇ ਵੀ ਮਿਲਦੇ ਹਨ ਕਿ ਅਕਾਲ ਪੁਰਖ ਨੇ ਮਨੁੱਖ ਨੂੰ ਆਪਣੀ ਸ਼ਕਲ-ਸੂਰਤ 'ਤੇ ਹੀ ਘੜਿਆ ਅਤੇ ਸਿਰਜਿਆ ਹੈ ਅਤੇ ਇਸ ਵਿੱਚ ਆਪਣੀ ਆਤਮਾ ਦਾ ਵਾਸ ਕੀਤਾ ਹੈ । ਇਸ ਸਭ ਕੁਝ ਦੇ ਆਧਾਰ 'ਤੇ ਇਹ ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ ਪਰਮਾਤਮਾ ਨੇ ਮਨੁੱਖ ਦੇ ਸਰੀਰ 'ਤੇ ਕੇਸਾਂ ਸਮੇਤ ਕੋਈ ਵੀ ਚੀਜ਼ ਅਜਿਹੀ ਨਹੀਂ ਲਗਾਈ ਜਿਹੜੀ ਫ਼ਜ਼ੂਲ ਹੋਵੇ। ਇਸ ਲਈ ਕੇਸ ਕਟਵਾਉਣਾ ਵਾਹਿਗੁਰੂ ਵੱਲੋਂ ਮਨੁੱਖ ਨੂੰ ਦਿੱਤੀ ਗਈ ਇਕ ਵਡਮੁੱਲੀ ਦਾਤ ਨੂੰ ਅਪ੍ਰਵਾਨ ਕਰਨ ਦੇ ਨਾਲ-ਨਾਲ ਉਸ ਵੱਲੋਂ ਸਿਰਜੀ ਮਨੁੱਖੀ ਤਸਵੀਰ ਨੂੰ ਬਦਸ਼ਕਲ ਕਰਨ ਦੇ ਤੁੱਲ ਵੀ ਹੋ ਸਕਦਾ ਹੈ। ਦੂਜੇ ਸ਼ਬਦਾਂ ਵਿੱਚ ਇਸ ਦੇ ਅਰਥ ਇਹ ਵੀ ਨਿਕਲ ਸਕਦੇ ਹਨ ਕਿ ਕੇਸ ਕਟਵਾ ਕੇ ਮਨੁੱਖ ਅਕਾਲ ਪੁਰਖ ਵੱਲੋਂ ਸਾਜੇ ਮਨੁੱਖੀ ਸਰੂਪ ਅਤੇ ਉਸ ਵੱਲੋਂ ਕੀਤੇ ਕੰਮਾਂ ਵਿੱਚ ਗਲਤੀਆਂ ਕੱਢ ਕੇ ਤੇ ਸੋਧਾਂ ਕਰਕੇ ਅਕਾਲ ਪੁਰਖ ਨਾਲੋਂ ਆਪਣੀ ਅਕਲ ਦੀ ਬਿਹਤਰ ਸ਼ਕਤੀ ਤੇ ਕਾਬਲੀਅਤ ਦਾ ਪਰਦਰਸ਼ਨ ਕਰਨ ਵਿੱਚ ਪ੍ਰਸੰਨਤਾ ਅਨੁਭਵ ਕਰ ਰਿਹਾ ਹੈ, ਜਾਂ ਇਵੇਂ ਕਹਿ ਲਵੋ ਕਿ ਮਨੁੱਖ ਰੱਬ ਨਾਲ ਸ਼ਿਡੇ ਲੈਣ ਜੋਗਾ ਹੋ ਗਿਆ ਹੈ ਤੇ ਆਪਣੇ ਆਪ ਨੂੰ ਉਸ ਤੋਂ ਵਧੇਰੇ ਸਿਆਣਾ ਸਮਝਦਿਆਂ ਹੋਇਆਂ ਉਸ ਦੇ ਕੀਤੇ ਕੰਮਾਂ ਵਿੱਚ ਗਲਤੀਆਂ ਕੱਢਣ ਦੇ ਸਮਰੱਥ ਸਮਝਣ ਲੱਗ ਪਿਆ ਹੈ। ਕਮਾਲ ਹੈ, ਕਿਰਤ ਆਪਣੇ ਕਰਤਾ 'ਤੇ ਹਾਵੀ ਹੋ ਰਹੀ ਹੈ ਤੇ ਇਵੇਂ ਨਾ-ਸ਼ੁਕਰੇਪੁਣੇ ਦਾ ਬੋਲਬਾਲਾ ਹੋ ਰਿਹਾ ਹੈ । ਪਰ ਸੰਤੋਖ ਵਾਲੀ ਗੱਲ ਇਹ ਜ਼ਰੂਰ ਹੈ ਕਿ ਬਾਬਾ ਆਦਮ ਦੀ ਸੰਤਾਨ, ਮਨੁੱਖ ਵੱਲੋਂ ਇਹ ਗੁਸਤਾਖੀ ਮੁੱਢ-ਕਦੀਮਾਂ ਤੋਂ ਨਹੀਂ ਹੋ ਰਹੀ, ਸਗੋਂ ਪਿਛਲੀਆਂ ਕੁਝ ਸਦੀਆਂ ਤੋਂ ਹੀ ਅਜਿਹਾ ਹੋ ਰਿਹਾ ਹੈ।ਇਤਿਹਾਸ ਦੇ ਪੰਨਿਆਂ ਨੂੰ ਵਾਚਣ ਤੋਂ ਪਤਾ ਲੱਗਦਾ ਹੈ ਕਿ ਸੰਸਾਰ ਭਰ ਵਿੱਚ ਪੁਰਾਣੇ ਸਮਿਆਂ ਤੋਂ ਹਰ ਕਿਸਮ ਦੇ ਲੋਕੀਂ ਕੇਸਾਂ ਦਾ ਪੂਰਾ-ਪੂਰਾ ਸਤਿਕਾਰ ਕਰਦੇ ਅਤੇ ਇਨ੍ਹਾਂ ਨੂੰ ਕਟਵਾਉਣਾ ਸ਼ਰਮਨਾਕ ਤੇ ਬੇਇਜ਼ਤੀ ਵਾਲੀ ਹਰਕਤ ਸਮਝਦੇ ਸਨ ।ਇਤਿਹਾਸ ਇਸ ਗੱਲ ਦੀ ਵੀ ਸਾਖੀ ਭਰਦਾ ਹੈ ਕਿ ਵਿਸ਼ਵ ਭਰ ਦੇ ਸਾਰੇ ਰਿਸ਼ੀਆਂ ਮੁਨੀਆਂ ਅਤੇ ਪੀਰਾਂ-ਪੈਗੰਬਰਾਂ ਨੇ ਵੀ ਹਰ ਕਾਲ ਵਿੱਚ ਕੇਸ ਰੱਖੇ । ਕਹਿੰਦੇ ਹਨ ਕਿ ਮਨੁ ਨੇ ਪਹਿਲੀ ਵਾਰ ਬ੍ਰਾਹਮਣਾਂ ਉੱਤੇ ਇਹ ਸ਼ਰਤ ਲਗਾਈ ਸੀ ਕਿ ਜੇਕਰ ਉਹ ਕੋਈ ਕੁਕਰਮ ਕਰਨ ਤਾਂ ਉਹਨਾਂ ਨੂੰ ਜਾਨੋਂ ਮਾਰਨ ਦੀ ਥਾਂ ਉਹਨਾਂ ਦਾ ਸਿਰ ਮੁੰਨ ਦਿੱਤਾ ਜਾਵੇ, ਕਿਉਂਕਿ ਸਮਾਜਕ ਜੀਵਨ ਵਿੱਚ ਕੇਸਾਂ ਦੇ ਬੇਹੱਦ ਸਤਿਕਾਰ ਨੂੰ ਦੇਖਦਿਆਂ ਹੋਇਆ ਇਹ ਉਹਨਾਂ ਲਈ ਮੌਤ ਨਾਲੋਂ ਵੀ ਵੱਧ ਤੇ ਬਦਤਰ ਸਜ਼ਾ ਗਿਣੀ ਜਾਂਦੀ ਸੀ ਅਤੇ ਅਜਿਹੀ ਹਾਲਤ ਵਿੱਚ ਜੀਉਂਦੇ ਹੋਏ ਮਨੁੱਖ, ਜ਼ਿੱਲਤ ਤੇ ਸ਼ਰਮਸਾਰੀ ਦੀ ਜ਼ਿੰਦਗੀ ਜੀਉਂਦੇ ਤੇ ਬੇਸ਼ਰਮੀ ਦੀ ਮੌਤ ਮਰਦੇ ਸਨ । ਮਨੁ ਦੇ ਇਹ ਪਰਵਚਨ ਵੀ ਮੌਜੂਦ ਹਨ ਕਿ ਜੇ ਦੋ ਮਨੁੱਖ ਆਪਸ ਵਿੱਚ ਹਥੋਪਾਈ ਹੋ ਜਾਣ ਤਾਂ ਉਹਨਾਂ ਨੂੰ ਇਕ-ਦੂਜੇ ਦੇ ਕੇਸਾਂ ਨੂੰ ਹੱਥ ਪਾ ਕੇ ਕੇਸਾਂ ਦੀ ਬੇਅਦਬੀ ਕਰਨ ਦੀ ਕਦਾਚਿਤ ਆਗਿਆ ਨਹੀਂ । ਅਜਿਹਾ ਕਸੂਰ ਕਰਨ ਵਾਲਾ ਸਜ਼ਾ ਦਾ ਭਾਗੀ ਬਣਦਾ ਸੀ । ਇਥੋਂ ਤੱਕ ਕਿ ਦੁਸ਼ਮਨ ਦੇ ਕੇਸਾਂ ਦਾ ਸਤਿਕਾਰ ਕਰਨ ਦੀ ਵੀ ਸਖ਼ਤ ਹਦਾਇਤ ਮੌਜੂਦ ਹੈ। ਉਸ ਸਮੇਂ ਬਾਰੇ ਇਹ ਲਿਖਤ ਵੀ ਉਪਲਬਧ ਹੈ ਕਿ ਜੇਕਰ ਜੰਗ ਸਮੇਂ ਕਿਸੇ ਯੋਧੇ ਦੇ ਕੇਸ ਖੁੱਲ੍ਹ ਜਾਂਦੇ ਸਨ, ਤਾਂ ਉਸ 'ਤੇ ਵਾਰ ਕਰਨਾ ਉਸ ਨੂੰ ਨਾਜਾਇਜ਼ ਕਤਲ ਕਰਨ ਦੇ ਸਮਾਨ ਕਸੂਰ ਮੰਨਿਆ ਜਾਂਦਾ ਸੀ। ਕੇਸਾਂ ਦੇ ਸਤਿਕਾਰ ਬਾਰੇ ਸਿਮਰਤੀਆਂ ਵਿੱਚ ਬੇਨਜ਼ੀਰ ਤਾਕੀਦਾਂ ਵਿੱਚੋਂ ਇਕ ਇਹ ਵੀ ਹੈ ਕਿ ਜੇਕਰ ਕੋਈ ਵਿਅਕਤੀ ਹੰਕਾਰ ਤੇ ਆਕੜ ਵਿੱਚ ਆ ਕੇ ਦੂਜੇ ਨੂੰ ਉਸ ਦੇ ਕੇਸਾਂ ਤੋਂ ਪਕੜਦਾ ਹੈ, ਤਾਂ ਬਿਨਾਂ ਕੁਝ ਹੋਰ ਸੋਚਣ ਸਮਝਣ ਦੇ ਕੇਸਾਂ ਤੋਂ ਪਕੜਨ ਵਾਲੇ ਦੇ ਹੱਥ ਤਲਵਾਰ ਮਾਰ ਕੇ ਕੱਟ ਦਿੱਤੇ ਜਾਣੇ ਜ਼ਰੂਰੀ ਹਨ । ਇਸ ਸਿਲਸਿਲੇ ਵਿੱਚ ਹੋਰ ਕੁਝ ਵੀ ਸੋਚਣ ਦੀ ਗੁੰਜਾਇਸ਼ ਨਹੀਂ । ਸੋਚਣ ਦੀ ਗੁੰਜਾਇਸ਼ ਹੋ ਸਕਦੀ ਸੀ ਜੇ ਉਹ ਹੰਕਾਰੀ ਵਿਅਕਤੀ ਦੂਜੇ ਵਿਅਕਤੀ ਨੂੰ ਕੇਸਾਂ ਦੀ ਥਾਂ ਸਰੀਰ ਦੇ ਕਿਸੇ ਹੋਰ ਹਿੱਸੇ ਤੋਂ ਫੜਦਾ ! ਉਕਤ ਪ੍ਰਮਾਣਾਂ ਤੋਂ ਕਿਤਨੇ ਸਪੱਸ਼ਟ ਅਰਥ ਨਿਕਲਦੇ ਹਨ ਕਿ ਪੁਰਾਣੇ ਸਮਿਆਂ ਵਿੱਚ ਹਰ ਕੋਈ ਕੇਸਾਂ ਦੇ ਸਤਿਕਾਰ ਵੱਲ ਵਿਸ਼ੇਸ਼ ਸੁਚੇਤ ਸੀ, ਸਗੋਂ ਕਾਨੂੰਨੀ ਤੌਰ 'ਤੇ ਪਾਬੰਦ ਸੀ ਅਤੇ ਇਨ੍ਹਾਂ ਦੀ ਕਿਸੇ ਪ੍ਰਕਾਰ ਦੀ ਬੇਅਦਬੀ ਕਰਨ ਤੋਂ ਪਹਿਲਾਂ ਸੌ ਵਾਰੀ ਇਸ ਬੇਅਦਬੀ ਦਾ ਪ੍ਰਮਾਣ ਸਾਹਮਣੇ ਰੱਖਦਾ ਸੀ । ਇਹ ਜ਼ਮਾਨਾ ਕੇਸਾਂ ਦੇ ਸਤਿਕਾਰ ਦਾ ਸੁਨਹਿਰੀ ਜ਼ਮਾਨਾ ਕਿਹਾ ਜਾ ਸਕਦਾ ਹੈ ਜਿਸ 'ਤੇ ਕੇਸ-ਪ੍ਰੇਮੀ ਅੱਜ ਵੀ ਮਾਣ ਕਰਦੇ ਹਨ।ਪੁਰਾਣੇ ਸੰਸਾਰ ਦੇ ਲੱਗਭਗ ਸਾਰੇ ਦੇਸਾਂ ਵਿੱਚ ਲੰਬੇ ਕੇਸ ਰੱਖਣ ਦਾ ਰਿਵਾਜ ਸੀ।ਇਨ੍ਹਾਂ ਵਿੱਚ ਯੂਨਾਨ ਦੇਸ਼ ਵੀ ਸ਼ਾਮਿਲ ਹੈ ਜਿਹੜਾ ਆਪਣੇ ਆਪ ਨੂੰ ਪੱਛਮੀ ਸੰਸਾਰ ਦਾ ਪ੍ਰਥਮ ਤਹਿਜ਼ੀਬ-ਯਾਫ਼ਤਾ ਦੇਸ਼ ਅਖਵਾਉਂਦਾ ਹੈ ਅਤੇ ਉਥੇ ਲੰਬੇ ਕੇਸ ਰੱਖਣ ਵਾਲਿਆਂ ਨੂੰ ਜੇਤੂ ਤੇ ਛੋਟੇ ਪਟੇ ਰੱਖਣ ਵਾਲਿਆਂ ਨੂੰ ਹਾਰਿਆ ਹੋਇਆ ਸਮਝਿਆ ਜਾਂਦਾ ਸੀ। ਇਤਿਹਾਸ ਦੇ ਝਰੋਖੇ ਤੋਂ ਨਜ਼ਰ ਮਾਰਦਿਆਂ ਇਸ ਗੱਲ ਤੋਂ ਵੀ ਮੁਨਕਰ ਨਹੀਂ ਹੋਇਆਮੁਸਲਮਾਨ ਹਾਜੀ ਹੱਜ ਦਾ ਸਵਾਬ ਲੈਣ ਲਈ ਦਾਹੜੀ ਦਾ ਸਤਿਕਾਰ ਕਰਦੇ ਆ ਰਹੇ ਹਨ। ਔਰੰਗਜ਼ੇਬ ਇਕ ਕੱਟੜ ਸੁੰਨੀ ਮੁਸਲਮਾਨ ਸੀ ਤੇ ਹਾਜੀਆਂ ਪ੍ਰਤੀ ਉਹ ਬਹੁਤ ਸਤਿਕਾਰ ਦੀ ਭਾਵਨਾ ਰੱਖਦਾ ਸੀ । ਇਕ ਵਾਰੀ ਉਸ ਨੇ ਇਕ ਲੰਬੀ ਦਾਹੜੀ ਵਾਲੇ ਨੂੰ ਹਾਜੀ ਸਮਝ ਕੇ ਬੜੇ ਪਿਆਰ ਨਾਲ ਬੁਲਾਇਆ ਪਰ ਜਦ ਉਸ ਨੂੰ ਪਤਾ ਲੱਗਾ ਕਿ ਉਹ ਹਾਜੀ ਨਹੀਂ, ਹਿੰਦੂ ਹੈ ਤਾਂ ਉਸ ਨੇ ਇਸ ਗੱਲ ਦੀ ਬੰਦਸ਼ ਲਗਾ ਦਿੱਤੀ ਕਿ ਉਸ ਦੇ ਰਾਜ ਵਿੱਚ ਕੋਈ ਵੀ ਹਿੰਦੂ ਨਾ ਤਾਂ ਦਾਹੜੀ ਰੱਖ ਸਕਦਾ ਹੈ ਤੇ ਨਾ ਹੀ ਪੱਗ ਬੰਨ੍ਹ ਸਕਦਾ ਹੈ । ਇਸ ਤੋਂ ਇਲਾਵਾ ਬਹਾਦਰ ਸ਼ਾਹ ਨੇ ਜਦ ਸਿੱਖ ਕੌਮ ਦੇ ਸਰਵਨਾਸ਼ ਕਰਨ ਦੇ ਮਨਸੂਬੇ ਬਣਾਏ ਤੇ ਸਿੱਖਾਂ ਦੇ ਸਿਰਾਂ ਦੇ ਮੁੱਲ ਪਾਏ ਗਏ, ਤਦ ਹਿੰਦੂਆਂ ਤੇ ਹੋਰ ਗੈਰ-ਸਿੱਖਾਂ ਨੂੰ ਇਹ ਵਿਸ਼ੇਸ਼ ਹੁਕਮ ਦਿੱਤਾ ਗਿਆ ਕਿ ਉਹ ਆਪਣੀ ਦਾਹੜੀ ਤੇ ਕੇਸ ਕਤਲ ਕਰਵਾ ਦੇਣ ਤਾਂ ਜੋ ਕਿਸੇ ਸਿੱਖ ਦੇ ਭੁਲੇਖੇ ਵਿੱਚ ਉਹਨਾਂ ਦੀ ਜਾਨ ਅਜਾਈਂ ਨਾ ਚਲੀ ਜਾਵੇ । ਮੁਗਲੀਆ ਰਾਜ ਦੇ ਅਜਿਹੇ ਤੰਗ-ਦਿਲੀ ਵਾਲੇ ਆਦੇਸ਼ਾਂ ਨਾਲ ਭਾਰਤ ਵਿੱਚ ਵਾਲ ਕੱਟਣ ਦਾ ਕਰਮ ਤੇਜ਼ੀ ਨਾਲ ਵਧਿਆ ਜਿਹੜਾ ਅੱਜ ਫੈਸ਼ਨਪੁਸਤੀ ਦਾ ਇਕ ਚਿੰਨ੍ਹ ਬਣ ਗਿਆ ਹੈ ਪਰ ਭਾਰਤ ਦੇ 1000 ਸਾਲ ਪੁਰਾਣੇ ਜੀਵਨ ਦੀ ਝਲਕ ਬਦੇਸ਼ੀ?ਲੇਖਕ ਐਲਬਰੂਨੀ ਨੇ ਆਪਣੀ ਪੁਸਤਕ "ਪਤਰਿਕਾ ਅਲਹਿੰਦ" ਵਿੱਚ ਦੇਂਦਿਆਂਲਿਖਿਆ ਹੈ ਕਿ-ਭਾਰਤ ਵਾਸੀ ਸਿਰ ਦੇ ਕੇਸ ਪੂਰੀ ਮਾਤਰਾ ਵਿੱਚ ਰੱਖਦੇ ਸਨ ਤੇ ਵਾਲਾਂ ਦਾ ਜੂੜਾ ਬਣਾ ਕੇ ਗਰਦਨ ਪਿੱਛੇ ਇਹਨਾਂ ਨੂੰ ਸੰਭਾਲਦੇ ਸਨ, ਦਾਹੜੀ ਦੇ ਰੋਮਾਂ ਨੂੰ ਵੀ ਕੰਘਾ ਕਰਕੇ ਗੁੰਦ ਲੈਂਦੇ ਸਨ, ਤਾਂ ਜੋ ਇਹਨਾਂ ਦੀ ਦੇਖ-ਭਾਲ ਠੀਕ ਤਰੀਕੇ ਨਾਲ ਹੋ ਸਕੇ। ਕੇਸ ਉਹਨਾਂ ਦੇ ਜੀਵਨ ਦਾ ਅਤੀ ਮਹਤੱਵਪੂਰਨ ਅੰਗ ਹੁੰਦੇ ਸਨ, ਜਿਨ੍ਹਾਂ 'ਤੇ ਉਹ ਭਾਰੀ ਮਾਣ ਕਰਦੇ ਸਨ ।ਉਧਰ ਯੂਰਪ ਵਿੱਚ ਪੰਦਰ੍ਹਵੀਂ ਸਦੀ ਦੇ ਫ਼ਰਾਂਸੀਸੀ ਲੋਕਾਂ ਦੇ ਜੀਵਨ ਤੋਂ ਇਹ ਪ੍ਰਤੱਖ ਰੂਪ ਵਿੱਚ ਦਿਸਦਾ ਹੈ ਕਿ ਜਰਮਨਾਂ ਵਾਂਗ ਇਹ ਲੋਕੀਂ ਵੀ ਕੇਸ ਦਾਹੜੀਆਂ ਰੱਖਦੇ ਸਨ, ਕਿਉਂਕਿ ਉਸ ਸਮੇਂ ਦੇ ਫ਼ਰਾਂਸੀਸੀ ਬਾਦਸ਼ਾਹ ਪੀਟਰ-ਦੀ-ਗਰੇਟ ਨੇ ਆਪਣੇ ਖਜ਼ਾਨੇ ਨੂੰ ਸ਼ਕਤੀਸ਼ਾਲੀ ਕਰਨ ਲਈ ਆਪਣੇ ਦੇਸ਼ ਵਾਸੀਆਂ ਦੀਆਂ ਦਾਹੜੀਆਂ 'ਤੇ ਟੈਕਸ ਲਗਾ ਕੇ ਚੋਖੀ ਰਕਮ ਇਕੱਠੀ ਕੀਤੀ ਸੀ । ਲੋਕੀਂ ਕੇਸਾਂ ਦੇ ਸਤਿਕਾਰ ਬਦਲੇ ਟੈਕਸ ਦੀ ਅਦਾਇਗੀ ਨੂੰ ਇਕ ਮਾਮੂਲੀ ਗੱਲ ਸਮਝਦੇ ਸਨ ਪਰ ਕੇਸਾਂ ਦਾਹੜੀਆਂ ਨੂੰ ਸਜਾ ਕੇ ਰੱਖਣਾ ਆਪਣੇ ਜੀਵਨ ਦੀ ਸ਼ਾਨ ਨੂੰ ਹੋਰ ਬੁਲੰਦ ਤੇ ਪੁਰਨੂਰ ਰੱਖਣ ਵਿੱਚ ਬੇਹੱਦ ਖੁਸ਼ੀ ਮਹਿਸੂਸ ਕਰਦੇ ਸਨ।



**ਸਰੂਪ ਸਿੰਘ ਅਲੱਗ**

## ਗੁਰਦੁਆਰਾ ਸ੍ਰੀ ਅੰਬ ਸਾਹਿਬ ਮੋਹਾਲੀ ਨਾਲ ਸਬੰਧਤ ਜ਼ਮੀਨ ਦੀ ਵਿਕਰੀ ਧੋਖਾਧੜੀ ਨਾਲ ਕਰਨ ਦੇ ਮਾਮਲੇ ’ਚ ਮੈਨੇਜਰ ਮੁਅੱਤਲ, ਕਾਨੂੰਨੀ ਕਾਰਵਾਈ ਦੇ ਆਦੇਸ਼ ਜਾਰੀ, ਐਡਵੋਕਟ ਧਾਮੀ ਵੱਲੋਂ ਸਮੂਹ ਅਧਿਕਾਰੀਆਂ ਤੇ ਮੁਲਾਜ਼ਮਾਂ ਨੂੰ ਡਿਊਟੀ ਇਮਾਨਦਾਰੀ ਨਾਲ ਕਰਨ ਦੀ ਤਾੜਨਾ

ਚੰਡੀਗੜ੍ਹ-ਗੁਰਦੁਆਰਾ ਸ੍ਰੀ ਅੰਬ ਸਾਹਿਬ ਪਾਤਸ਼ਾਹੀ ਸੱਤਵੀਂ ਲੰਬੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਦੀ ਪਿੰਡ ਸੈਣੀਮਾਜਰਾ (ਪ੍ਰੇਮਗੜ੍ਹ) ਵਿਖੇ ਪੈਂਦੀ 1 ਵਿਘਾ, 6 ਵਿਸਬੇ, 10 ਵਿਸਬਾਸੀਆਂ ਜ਼ਮੀਨ ਅਮਾਨਤ ਵਿੱਚ ਖਿਆਨਤ ਤੇ ਧੋਖਾਧੜੀ ਕਰਕੇ ਫ਼ਰਜ਼ੀ ਢੰਗ ਨਾਲ ਵੇਚਣ ਦੇ ਮਾਮਲੇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਐਡਵੋਕੇਟ ਸ. ਹਰਜਿੰਦਰ ਸਿੰਘ ਧਾਮੀ ਨੇ ਸਖ਼ਤ ਕਾਰਵਾਈ ਕਰਦਿਆਂ ਗੁਰਦੁਆਰਾ ਸਾਹਿਬ ਦੇ ਮੈਨੇਜਰ ਸ. ਰਜਿੰਦਰ ਸਿੰਘ ਨੂੰ ਮੁਅੱਤਲ ਕਰਨ ਦੇ ਨਾਲ-ਨਾਲ ਮੈਨੇਜਰ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਦਾ ਆਦੇਸ਼ ਕੀਤਾ ਹੈ। ਜੇਕਰ ਮੈਨੇਜਰ ਤੋਂ ਇਲਾਵਾ ਕਿਸੇ ਹੋਰ ਵਿਅਕਤੀ ਦੀ ਵੀ ਇਸ ਮਾਮਲੇ ਵਿੱਚ ਸ਼ਮੂਲੀਅਤ ਪਾਈ ਜਾਂਦੀ ਹੈ ਤਾਂ ਉਨ੍ਹਾਂ ਵਿਰੁੱਧ ਵੀ ਵਿਭਾਗੀ ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਮਾਮਲੇ ਵਿੱਚ ਵਧੇਰੀ ਜਾਂਚ ਲਈ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ’ਤੇ ਅਧਾਰਤ ਇੱਕ ਕਮੇਟੀ ਬਣਾਈ ਗਈ ਹੈ ਅਤੇ ਮੈਨੇਜਰ ਵੱਲੋਂ ਕਰਵਾਈ ਗਈ ਰਜਿਸਟਰੀ ਨੂੰ ਰੱਦ ਕਰਨ ਦੀ ਕਾਰਵਾਈ ਵੀ ਸ਼ੁਰੂ ਕਰ ਦਿੱਤੀ ਗਈ ਹੈ।ਇਸ ਮਾਮਲੇ ਸਬੰਧੀ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੱਜ ਚੰਡੀਗੜ੍ਹ ਉਪ-ਦਫ਼ਤਰ ਵਿਖੇ ਪ੍ਰੈਸ ਵਾਰਤਾ ਦੌਰਾਨ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਕਿਸੇ ਵੀ ਅਧਿਕਾਰੀ ਜਾਂ ਗੁਰਦੁਆਰਾ ਸਾਹਿਬ ਦੇ ਮੈਨੇਜਰ ਨੂੰ ਇਹ ਅਧਿਕਾਰ ਨਹੀਂ ਹੈ ਕਿ ਉਹ ਆਪਣੇ ਪੱਧਰ ਉੱਤੇ ਗੁਰੂ ਘਰ ਨਾਲ ਸਬੰਧਤ ਕਿਸੇ ਜਾਇਦਾਦ ਨੂੰ ਵੇਚ ਸਕੇ। ਉਨ੍ਹਾਂ ਕਿਹਾ ਕਿ ਜੇਕਰ ਸਿੱਖ ਸੰਸਥਾ ਨੇ ਕੋਈ ਜ਼ਮੀਨ ਵੇਚਣੀ ਜਾਂ ਖਰੀਦਣੀ ਹੋਵੇ ਤਾਂ ਇਹ ਕਾਰਵਾਈ ਬਾਕਾਇਦਾ ਨਿਯਮਾਂ ਅਨੁਸਾਰ ਅੰਤ੍ਰਿੰਗ ਕਮੇਟੀ ਦੀ ਪ੍ਰਵਾਨਗੀ ਤੋਂ ਬਾਅਦ ਸਬੰਧਤ ਗੁਰਦੁਆਰਾ ਸਾਹਿਬ ਦੀ ਜਾਇਦਾਦ ਸਬ-ਕਮੇਟੀ ਰਾਹੀਂ ਹੀ ਕੀਤੀ ਜਾ ਸਕਦੀ ਹੈ। ਐਡਵੋਕਟ ਧਾਮੀ ਨੇ ਕਿਹਾ ਕਿ ਇਸ ਮਾਮਲੇ ਵਿੱਚ ਵਧੇਰੀ ਵਿਭਾਗੀ ਜਾਂਚ ਪੜਤਾਲ ਲਈ ਇੱਕ ਪੰਜ-ਮੈਂਬਰੀ ਕਮੇਟੀ ਬਣਾਈ ਗਈ ਹੈ ਜਿਸ ਵਿੱਚ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਬੀਬੀ ਹਰਜਿੰਦਰ ਕੌਰ, ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਮੈਂਬਰ ਸ. ਚਰਨਜੀਤ ਸਿੰਘ ਕਾਲੇਵਾਲ, ਸ. ਸੁਰਜੀਤ ਸਿੰਘ ਭਿੱਟੇਵੱਡ ਅਤੇ ਸ. ਪਰਮਜੀਤ ਸਿੰਘ ਲੱਖੇਵਾਲ ਨੂੰ ਸ਼ਾਮਲ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਗੁਰਦੁਆਰਾ ਸ੍ਰੀ ਅੰਬ ਸਾਹਿਬ ਮੋਹਾਲੀ ਦੇ ਮੈਨੇਜਰ ਸ. ਰਜਿੰਦਰ ਸਿੰਘ ਨੇ ਬਿਨਾਂ ਕਿਸੇ ਦਫ਼ਤਰੀ ਪ੍ਰਵਾਨਗੀ ਦੇ ਗੁਰਦੁਆਰਾ ਸ੍ਰੀ ਅੰਬ ਸਾਹਿਬ ਦੀ ਪਿੰਡ ਸੈਣੀਮਾਜਰਾ ਵਿੱਚ ਇਹ ਜ਼ਮੀਨ 4 ਖਰੀਦਦਾਰਾਂ ਨੂੰ ਵਿਕਰੀ ਕੀਤੀ ਹੈ, ਜਿਸ ਦੀ ਰਜਿਸਟਰੀ 02 ਦਸੰਬਰ 2025 ਨੂੰ ਵੱਖ-ਵੱਖ ਲੋਕਾਂ ਦੇ ਨਾਮ ਧੋਖੇ ਨਾਲ ਕਰ ਦਿੱਤੀ ਗਈ।ਇਹ ਮਾਮਲਾ ਦਫ਼ਤਰ ਦੇ ਧਿਆਨ ਵਿੱਚ ਆਉਣ ’ਤੇ ਇਸ ਦੀ ਤੁਰੰਤ ਪੜਤਾਲ ਕਰਵਾਈ ਗਈ ਹੈ।



ਮੁੱਢਲੀ ਪੜਤਾਲ ਦੌਰਾਨ ਸਾਹਮਣੇ ਆਇਆ ਕਿ ਗੁਰਦੁਆਰਾ ਸਾਹਿਬ ਦੇ ਮੈਨੇਜਰ ਸ. ਰਜਿੰਦਰ ਸਿੰਘ ਵੱਲੋਂ ਅਧਿਕਾਰ ਪ੍ਰਾਪਤ ਕਰਨ ਲਈ ਦਫ਼ਤਰ ਦੇ ਲੈਟਰਪੈਡ ਤੇ ਖੁਦ ਇੱਕ ਜਾਹਲੀ ਚਿੱਠੀ ਤਿਆਰ ਕੀਤੀ ਗਈ ਹੈ, ਜੋ ਇਹ ਖੁਦ ਲਿਖਤੀ ਤੌਰ ਉੱਤੇ ਮੰਨਿਆ ਵੀ ਹੈ। ਉਨ੍ਹਾਂ ਕਿਹਾ ਕਿ ਮੈਨੇਜਰ ਸ. ਰਜਿੰਦਰ ਸਿੰਘ ਵੱਲੋਂ 4 ਖਰੀਦਦਾਰਾਂ ਨੂੰ ਵਿਕਰੀ ਕਰਕੇ ਇਸ ਬਦਲੇ 1 ਕਰੋੜ 32 ਲੱਖ ਰੁਪਏ ਦੇ ਚਾਰ ਚੈੱਕ ਲਏ ਗਏ, ਜੋ ਆਪਣੇ ਨਿੱਜੀ ਖਾਤੇ ਵਿਚ ਕੈਸ਼ ਕਰਵਾਏ ਗਏ। ਉਨ੍ਹਾਂ ਕਿਹਾ ਕਿ ਇਹ ਵੀ ਪਤਾ ਲਗਾ ਹੈ ਕਿ ਸ. ਰਜਿੰਦਰ ਸਿੰਘ ਨੇ ਇਸ ਤੋਂ ਇਲਾਵਾ ਵੀ ਕਰੋੜਾਂ ਰੁਪਏ ਵਸੂਲ ਕੀਤੇ ਹਨ, ਜਿਸ ਬਾਰੇ ਪੜਤਾਲੀਆ ਟੀਮ ਨੂੰ ਕੋਈ ਵੇਰਵਾ ਨਹੀਂ ਦਿੱਤਾ ਗਿਆ, ਜਿਸ ਦੀ ਜਾਂਚ ਜਾਰੀ ਹੈ।ਉਨ੍ਹਾਂ ਸਪੱਸ਼ਟ ਕੀਤਾ ਕਿ ਇਸ ਜਗ੍ਹਾ ਦੀ ਵਿਕਰੀ ਲਈ ਸ਼੍ਰੋਮਣੀ ਕਮੇਟੀ ਕੋਲ ਕੋਈ ਵੀ ਕੇਸ ਜਾਂ ਲਿਖਾਪੜ੍ਹੀ ਨਹੀਂ ਚੱਲ ਰਹੀ ਅਤੇ ਨਾ ਹੀ ਕੋਈ ਅਜਿਹਾ ਫੈਸਲਾ ਹੋਇਆ ਹੈ। ਉਨ੍ਹਾਂ ਕਿਹਾ ਕਿ ਗੁਰੂ ਘਰਾਂ ਦੀਆਂ ਅਮਾਨਤਾਂ ਵਿਚ ਖਿਆਨਤ ਕਰਨ ਵਾਲੇ ਕਿਸੇ ਵੀ ਕਰਮਚਾਰੀ ਤੇ ਅਧਿਕਾਰੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ ਮਗਰੋਂ ਮੈਨੇਜਰ ਸ. ਰਜਿੰਦਰ ਸਿੰਘ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ ਅਤੇ ਇਸ ਵਿਰੁੱਧ ਕਾਨੂੰਨੀ ਕਾਰਵਾਈ ਕਰਵਾਉਣ ਲਈ ਆਦੇਸ਼ ਕਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਜੇਕਰ ਇਸ ਮਾਮਲੇ ਵਿੱਚ ਕਿਸੇ ਵੀ ਹੋਰ ਵਿਅਕਤੀ ਦੀ ਸ਼ਮੂਲੀਅਤ ਪਾਈ ਜਾਂਦੀ ਹੈ ਤਾਂ ਉਸ ਵਿਰੁੱਧ ਵੀ ਸਖ਼ਤ ਕਾਰਵਾਈ ਕੀਤੀ ਜਾਵੇਗੀ।ਉਨ੍ਹਾ ਕਿਹਾ ਕਿ ਸਬੰਧਤ ਜ਼ਮੀਨ ਦੀਆਂ ਇਹ ਰਜਿਸਟਰੀਆਂ ਰੱਦ ਕਰਨ ਦੀ ਕਾਰਵਾਈ ਅਮਲ ਵਿੱਚ ਲਿਆਉਣ ਦੇ ਆਦੇਸ਼ ਕਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਮੈਨੇਜਰ ਵੱਲੋਂ ਜਿਥੇ ਸੰਸਥਾ ਦੀ ਬਦਨਾਮੀ ਕਰਵਾਈ ਗਈ ਹੈ, ਉੱਥੇ ਗੁਰਦੁਆਰਾ ਸਾਹਿਬ ਨੂੰ ਵੱਡਾ ਵਿੱਤੀ ਨੁਕਸਾਨ ਵੀ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਵੱਲੋਂ ਕਿਸੇ ਵੀ ਗੁਰਦੁਆਰਾ ਸਾਹਿਬ ਦੀ ਕੋਈ ਜਾਇਦਾਦ ਖਰੀਦਣ ਜਾਂ ਵੇਚਣ ਲਈ ਨਿਰਧਾਰਤ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਂਦੀ ਹੈ।

ਉਨ੍ਹਾਂ ਕਿਹਾ ਕਿ ਇਸ ਲਈ ਗੁਰਦੁਆਰਾ ਸਾਹਿਬ ਦੀ ਜਾਇਦਾਦ ਸਬ-ਕਮੇਟੀ ਦੀ ਸਿਫਾਰਸ਼ ਮਗਰੋਂ ਦਫ਼ਤਰ ਦੇ ਰੈਵਿਨਿਊ ਵਿਭਾਗ ਦੀ ਪੜਤਾਲ ਉਪਰੰਤ ਅੰਤ੍ਰਿੰਗ ਕਮੇਟੀ ਤੋਂ ਪ੍ਰਵਾਨਗੀ ਲਈ ਜਾਂਦੀ ਹੈ। ਅੰਤ੍ਰਿੰਗ ਕਮੇਟੀ ਦੀ ਪ੍ਰਵਾਨਗੀ ਮਗਰੋਂ ਪ੍ਰਧਾਨ ਸਾਹਿਬ ਵੱਲੋਂ ਸਬ-ਕਮੇਟੀ ਨਿਰਧਾਰਤ ਹੁੰਦੀ ਹੈ, ਜਿਸ ਦੀ ਨਿਗਰਾਨੀ ਹੇਠ ਖੁੱਲ੍ਹੀ ਬੋਲੀ ਰਾਹੀਂ ਜਾਇਦਾਦ ਵੇਚਣ ਦੀ ਕਾਰਵਾਈ ਹੁੰਦੀ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਉਨ੍ਹਾਂ ਦੇ ਕਾਰਜਕਾਲ ਦੌਰਾਨ ਉਨ੍ਹਾਂ ਦੀ ਹਮੇਸ਼ਾ ਇਹ ਮਨਸ਼ਾ ਰਹੀ ਹੈ ਕਿ ਗੁਰੂ ਘਰ ਦੀਆਂ ਜ਼ਮੀਨਾਂ ਜਾਇਦਾਦਾਂ ਵਿੱਚ ਵਾਧਾ ਹੋਵੇ ਅਤੇ ਇਸੇ ਤਹਿਤ ਹੀ ਬਹੁਤ ਸਾਰੀਆਂ ਨਵੀਂਆਂ ਜ਼ਮੀਨਾਂ ਖਰੀਦੀਆਂ ਗਈਆਂ ਹਨ। ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਸੇਵਾਵਾਂ ਨਿਭਾਉਣ ਵਾਲੇ ਸਮੂਹ ਅਧਿਕਾਰੀਆਂ ਅਤੇ ਮੁਲਾਜ਼ਮਾਂ ਨੂੰ ਸਖ਼ਤ ਤਾੜਣਾ ਕੀਤੀ ਕਿ ਉਹ ਆਪਣੀ ਡਿਊਟੀ ਪੂਰੀ ਇਮਾਨਦਾਰੀ ਨਾਲ ਕਰਨ ਅਤੇ ਕਿਹਾ ਕਿ ਜੇਕਰ ਕਿਸੇ ਅਧਿਕਾਰੀ ਜਾਂ ਮੁਲਾਜ਼ਮ ਵੱਲੋਂ ਭ੍ਰਿਸ਼ਟਾਚਾਰ ਜਾ ਮਾਮਲਾ ਆਉਂਦਾ ਹੈ ਤਾਂ ਉਸ ਨੂੰ ਕਿਸੇ ਵੀ ਸੁਰਤ ਵਿੱਚ ਬਖ਼ਸ਼ਿਆ ਨਹੀਂ ਜਾਵੇਗਾ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਕਮੇਟੀ ਮੈਂਬਰ ਸ. ਗੁਰਪ੍ਰੀਤ ਸਿੰਘ ਝੱਬਰ, ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਮੈਂਬਰ ਸ. ਰਣਜੀਤ ਸਿੰਘ ਕਾਹਲੋਂ, ਮੀਤ ਸਕੱਤਰ ਸ. ਲਖਬੀਰ ਸਿੰਘ, ਸ. ਜਸਕਰਨ ਸਿੰਘ, ਸ. ਰਣਜੀਤ ਸਿੰਘ ਜਲੰਧਰ ਮੌਜੂਦ ਸਨ।

# ਕੇਸਾਂ ਨੂੰ ਪਿਆਰ ਕਰੀਏ!

## ਸੋਹਣ ਸਿੰਘ ਸਿੰਧਵਾਂ ਕਲਾਂ

ਕੇਸ ਅਸੀਂ ਆਪ ਨਹੀਂ ਬਣਾਏ। ਇਹ ਪਰਮਾਤਮਾ ਦੀ ਬਖ਼ਸ਼ਿਸ਼ ਹੈ। ਇਹ ਉਸ ਦੀ ਦਾਤਿ ਹੈ। ਜਿਸ ਤਰ੍ਹਾਂ ਕੰਨ, ਹੱਥ, ਪੈਰ ਜਾਂ ਮੂੰਹ ਆਦਿ ਹਨ। ਅਸੀਂ ਇਹਨਾਂ ਨੂੰ ਪਰਮਾਤਮਾ ਦੀ ਦਾਤਿ ਸਮਝ ਕੇ ਤੇ ਇਹਨਾਂ ਦੇ ਫਾਇਦੇ ਸਮਝ ਕੇ ਹੀ ਇਹਨਾਂ ਦੀ ਸੰਭਾਲ ਕਰੀਏ ਤੇ ਇਹਨਾਂ ਤੋਂ ਫ਼ਾਇਦਾ ਉਠਾਈਏ।

* ਪਰਮਾਤਮਾ ਨੇ ਜਿਥੇ ਲੋੜ ਹੈ ਉਥੇ ਹੀ ਵਾਲ ਦਿੱਤੇ ਹਨ। ਜਿਵੇਂ ਅੱਖਾਂ, ਨੱਕ, ਕੰਨ, ਮੂੰਹ ਆਦਿ। ਜਿਸ ਤਰ੍ਹਾਂ ਔਰਤ ਦੇ ਮੂੰਹ 'ਤੇ ਵਾਲ ਨਹੀਂ ਦਿੱਤੇ, ਪਰ ਸਿਰ 'ਤੇ ਜ਼ਿਆਦਾ ਦਿੱਤੇ ਹਨ ਤਾਂਕਿ ਕਮੀ ਪੂਰੀ ਹੋ ਸਕੇ।

* ਵਾਲਾਂ ਵਿਚ ਆਕਸੀਜਨ, ਕਾਰਬਨ , ਸਲਫਰ , ਹਾਈਡਰੋਜਨ , ਨਾਈਟਰੇਟ ਹੁੰਦੀ ਹੈ ਜੋ ਸਾਨੂੰ ਪ੍ਰਾਪਤ ਹੁੰਦੀ ਹੈ। ਜਦੋਂ ਅਸੀਂ ਵਾਲ ਕੱਟ ਦਿੰਦੇ ਹਾਂ ਤਾਂ ਇਸ ਤੋਂ ਵਾਂਝੇ ਰਹਿ ਜਾਂਦੇ ਹਾਂ ਜੋ ਬਿਲਕੁਲ ਮੁਫ਼ਤ ਵਿਚ ਮਿਲਦੇ ਹਨ।

* ਵਾਲਾਂ ਨੂੰ ਕੱਟਣ ਵੇਲੇ ਅਸੀਂ ਕੁਦਰਤ ਦਾ ਮੁਕਾਬਲਾ ਕਰਦੇ ਹਾਂ। ਕੀ ਅਸੀਂ ਕੁਦਰਤ ਦਾ ਮੁਕਾਬਲਾ ਕਰਕੇ ਉਸ 'ਤੇ ਕਾਬੂ ਪਾ ਸਕਦੇ ਹਾਂ ? ਨਹੀਂ ਕਦੇ ਨਹੀਂ।

* ਇਸੇ ਲਈ ਹੀ ਦੁਨੀਆਂ ਦੇ ਸਾਰੇ ਪੈਗ਼ੰਬਰਾਂ ਤੇ ਸਿਆਣੇ ਆਦਮੀਆਂ ਨੇ ਵਾਲ ਨਹੀਂ ਕਟਵਾਏ। ਸਿੱਖ ਗੁਰੂ ਸਾਹਿਬਾਨ ਨੇ ਤਾਂ ਆਪਣੇ ਸਿੱਖਾਂ ਨੂੰ ਵੀ ਵਾਲ ਨਾ ਕੱਟਣ ਦਾ ਹੁਕਮ ਦੇ ਕੇ ਦੁਨੀਆਂ ਦੀ ਸਰਦਾਰੀ ਬਖ਼ਸ਼ੀ ਹੋਈ ਹੈ।

ਇਕ ਸਰਦਾਰ ਬੱਚਾ ਜਿਸ ਨੇ ਮਾਂ ਬਾਪ ਦੇ ਮਨ੍ਹਾਂ ਕਰਨ ਦੇ ਬਾਵਜੂਦ ਵਾਲ ਕਟਾ ਦਿੱਤੇ ਸਨ ਤੇ ਜਦੋਂ ਕਿਸੇ ਨੇ ਉਸ ਨੂੰ ਕਿਹਾ ਕਿ ਬਾਬੂ ਜੀ ਰਸਤਾ ਦਿਉ, ਮੁੰਡਾ ਕਹਿੰਦਾ ਮੈਂ ਕੋਈ ਬਾਬੂ ਹਾਂ ? ਉਹ ਕਹਿੰਦਾ, ਹੋਰ ਤੂੰ ਸਰਦਾਰ ਹੈ ? ਮੁੰਡੇ ਨੇ ਇਹ ਸੁਣ ਕੇ ਉਸੇ ਵੇਲੇ ਵਾਲ ਰੱਖਣ ਦਾ ਮਨ ਬਣਾ ਲਿਆ।

* ਬਾਈਬਲ ਮੁਤਾਬਿਕ ਸੈਮਸਨ ਇਕ ਬੜਾ ਬਲਵਾਨ ਯੋਧਾ ਸੀ ਜਿਸ ਨੇ ਇਕ ਗਧੇ ਦੀ ਲੱਤ ਨਾਲ ਹੀ ਯੁੱਧ ਵਿਚ ੧੦੦੦ ਆਦਮੀ ਮਾਰ ਦਿੱਤੇ ਸੀ। ਜਦੋਂ ਉਸ ਦੇ ਦੁਸ਼ਮਣਾਂ ਨੂੰ ਪਤਾ ਲੱਗਾ ਕਿ ਇਸ ਦੀ ਇਤਨੀ ਤਾਕਤ ਦਾ ਭੇਦ ਇਸ ਦਾ ਵਾਲ ਨਾ ਕਟਾਉਣਾ ਹੈ ਤਾਂ ਉਹਨਾਂ ਨੇ ਸੁੱਤੇ ਪਏ ਦੇ ਵਾਲ ਕਟਵਾ ਦਿੱਤੇ ਤੇ ਫਿਰ ਲੜਾਈ ਵਿਚ ਉਸ 'ਤੇ ਕਾਬੂ ਪਾ ਕੇ ਕੈਦ ਕਰ ਲਿਆ।

* ਸਾਇੰਸਦਾਨ ਰੈਨੋਲਡ ਦੇ ਸਰਵੇ ਮੁਤਾਬਿਕ, ਜਿਨ੍ਹਾਂ ਬੱਚਿਆਂ ਦੇ ਵਾਲ ਲੰਬੇ ਸਨ ਉਹਨਾਂ ਨੂੰ ਬੀਮਾਰੀ ੫.੨੧% ਤੇ ਜਿਹਨਾਂ ਦੇ ਵਾਲ ਕੱਟੇ ਹੋਏ ਸਨ ਉਹਨਾਂ ਨੂੰ ੧੨.੮% ਸੀ। ਲੰਬੇ ਵਾਲਾਂ ਵਾਲੇ ਬੱਚਿਆਂ ਦੀ ਉਮਰ ਵੀ ਦੂਜਿਆਂ ਨਾਲੋਂ ਜ਼ਿਆਦਾ ਹੁੰਦੀ ਹੈ। ੨੫੦੦ ਆਦਮੀਆਂ ਵਿਚੋਂ ਲੰਬੇ ਵਾਲਾਂ ਵਾਲਿਆਂ ਨੂੰ ੧% ਤੇ ਕਟੇ ਹੋਏ ਵਾਲਾਂ ਨੂੰ ੨ % ਤਪਦਿਕ ਦੀ ਬੀਮਾਰੀ ਸੀ।

* ਜਦੋਂ ਜਾਰਜ ਬਰਨਾਰਡ ਸ਼ਾਅ ਜਿਹੜਾ ਕਿ ਇਕ ਬੜਾ ਵੱਡਾ ਫ਼ਿਲਾਸਫ਼ਰ ਸੀ, ਨੇ ਆਪਣੇ ਪਿਤਾ ਨੂੰ ਪੁੱਛਿਆ ਕਿ ਤੁਸੀਂ ਵਾਲ ਕਿਉਂ ਕੱਟਦੇ ਹੋ ? ਤਾਂ ਉਸ ਦਾ ਪਿਤਾ ਕੋਈ ਜਵਾਬ ਨਹੀਂ ਦੇ ਸਕਿਆ, ਪਰ ਅੱਗੇ ਤੋਂ ਵਾਲ ਕੱਟਣੇ ਬੰਦ ਕਰ ਦਿੱਤੇ।

* ਗਰੀਸ ਮੁਲਕ ਵਿਚ ਲੰਬੇ ਵਾਲਾਂ ਵਾਲੇ ਆਦਮੀ ਨੂੰ ਇੱਜ਼ਤ ਤੇ ਮਾਣ ਨਾਲ ਦੇਖਿਆ ਜਾਂਦਾ ਹੈ।

* ਵੈਸੇ ਵੀ ਵਾਲਾਂ ਤੇ ਪਗੜੀ ਨਾਲ ਖੂਬਸੂਰਤੀ ਤੇ ਮਾਣ - ਵਧਦਾ ਹੈ। ਕਾਲੀਆਂ ਅਫ਼ਰੀਕਨ ਔਰਤਾਂ ਨੂੰ ਲੰਬੇ ਵਾਲਾਂ ਦੀ ਕੀਮਤ ਪੁੱਛੋ ਜੋ ਫਰਜ਼ੀ ਵਾਲ ਲਾ ਕੇ ਲੰਬੇ ਵਾਲ ਬਣਾਉਂਦੀਆਂ ਹਨ।

# ਮਾਂ ਹੈ ਰੱਬ ਦਾ ਨਾਂ!

ਇਸ ਸੰਸਾਰ ਵਿਚ ਸਭ ਤੋਂ ਅਨੋਖਾ ਅਤੇ ਅਦਭੁਤ ਸ਼ਬਦ ਜੇਕਰ ਕੋਈ ਹੈ ਤਾਂ ਉਹ ਹੈ 'ਮਾਂ' ਸ਼ਬਦ। ਜੇਕਰ ਸਾਰੀ ਦੁਨੀਆਂ ਦੇ ਸਭ ਤੋਂ ਪਿਆਰੇ ਸ਼ਬਦਾਂ ਦੀ ਚੋਣ ਕਰਕੇ ਇਕ ਸ਼ਬਦਕੋਸ਼ ਤਿਆਰ ਕਰ ਲਿਆ ਜਾਵੇ ਅਤੇ ਉਨਾਂ ਸਾਰੇ ਸ਼ਬਦਾਂ ਵਿਚੋਂ ਕੋਈ ਇਕ ਵਰਣ ਵਾਲਾ ਵਿਸ਼ੇਸ਼ ਸ਼ਬਦ ਚੁਣਨਾ ਹੋਵੇ ਤਾਂ ਉਹ ਇਕੋ-ਇਕ ਸ਼ਬਦ ਹੈ- "ਮਾਂ" 'ਮਾਂ' ਜਿਸ ਨੂੰ ਜ਼ੁਬਾਨ ਤੋਂ ਬੋਲਣ ਨਾਲ ਇਕ ਅਦਭੁਤ ਰਸ ਦਾ ਅਨੁਭਵ ਹੁੰਦਾ ਹੈ। ਜੇਕਰ ਕੋਈ ਦੂਸਰਾ ਵਿਅਕਤੀ 'ਮਾਂ' ਸ਼ਬਦ ਦਾ ਉਚਾਰਨ ਕਰਦਾ ਹੈ ਤਾਂ ਇੰਜ ਜਾਪਦਾ ਹੈ ਜਿਵੇਂ ਕੰਨਾਂ ਵਿਚ ਮਿਸ਼ਰੀ ਘੁਲ ਗਈ ਹੋਵੇ। 'ਮਾਂ' ਸ਼ਬਦ ਆਪਣੀਆਂ ਅੱਖਾਂ ਵਿਚ ਵਸਾਉਣ ਨਾਲ ਅੱਖਾਂ ਵਿਚੋਂ ਨੂਰ ਟਪਕਦਾ ਵਿਖਾਈ ਦਿੰਦਾ ਹੈ। ਜੇਕਰ 'ਮਾਂ' ਸ਼ਬਦ ਦਿਲ ਵਿਚ ਉਤਰ ਜਾਵੇ ਤਾਂ ਮਮਤਾ ਦਾ ਸਮੁੰਦਰ ਠਾਠਾਂ ਮਾਰਨ ਲੱਗਦਾ ਹੈ। 'ਮਾਂ' ਆਪਣੇ ਆਪ ਵਿਚ ਇਕ ਸੰਪੂਰਨ ਸ਼ਬਦ ਹੈ, ਸੰਪੂਰਨ ਸ਼ਾਸਤਰ ਹੈ। ਜਿਹੜਾ ਵਿਅਕਤੀ ਸਵੇਰੇ ਸੁੱਤੇ ਉਠਦੇ ਸਾਰ ਹੀ 'ਮਾਂ' ਦੇ ਚਰਨਾਂ 'ਤੇ ਪ੍ਰਣਾਮ ਕਰਦਾ ਹੈ, ਉਸ ਵਿਅਕਤੀ ਦੀ ਹਰ ਸਵੇਰ ਆਪਣੇ ਆਪ ਹੀ ਸ਼ੁਭ ਹੋ ਜਾਂਦੀ ਹੈ ਅਤੇ ਜਿਹੜਾ ਇਨਸਾਨ ਰਾਤ ਨੂੰ ਸੌਣ ਤੋਂ ਪਹਿਲਾਂ ਆਪਣੀ ਮਾਂ ਦੀ ਸੇਵਾ ਕਰਦਾ ਹੈ, ਉਸ ਦੀ ਕਿਸਮਤ ਹਮੇਸ਼ਾ ਉਸ ਦਾ ਸਾਥ ਦਿੰਦੀ ਹੈ।ਜੇਕਰ ਕੋਈ ਵਿਅਕਤੀ ਸਵੇਰੇ ਉਠ ਕੇ ਆਪਣੀ ਮਾਂ ਨੂੰ ਪ੍ਰਣਾਮ ਨਹੀਂ ਕਰਦਾ ਤਾਂ ਉਸ ਦਾ ਕਿਸੇ ਮੰਦਰ ਜਾਂ ਗੁਰਦੁਆਰੇ ਵਿਚ ਮੱਥਾ ਟੇਕਣਾ ਫਜ਼ੂਲ ਹੈ। ਇਸੇ ਪ੍ਰਕਾਰ ਕਿਸੇ ਵਿਅਕਤੀ ਦਾ ਆਪਣੀ ਮਾਂ ਨੂੰ ਭੋਜਨ ਛਕਾਏ ਬਿਨਾਂ ਪੰਛੀਆਂ ਨੂੰ ਚੋਗਾ ਪਾਉਣਾ ਕੋਈ ਅਰਥ ਨਹੀਂ ਰੱਖਦਾ। ਮਾਂ ਦੇ ਪੈਰਾਂ ਦੀ ਧੂੜ ਕਿਸੇ ਮੰਦਰ ਜਾਂ ਗੁਰਦੁਆਰੇ ਵਿਚ ਮੱਥਾ ਟੇਕਣ ਤੋਂ ਕਿਤੇ ਉੱਤਮ ਹੈ। ਮਨੁੱਖ ਇਕ ਸਮਾਜਕ ਪ੍ਰਾਣੀ ਹੈ। ਇਸ ਸਮਾਜ ਵਿਚ ਵਿਚਰਦਿਆਂ ਉਹ ਕਈ ਰਿਸ਼ਤੇ ਨਾਤੇ ਨਿਭਾਉਂਦਾ ਹੈ। ਇਹ ਸਾਰੇ ਰਿਸ਼ਤੇ ਉਸ ਦੇ ਜਨਮ ਤੋਂ ਬਾਅਦ ਦੇ ਹੀ ਹੁੰਦੇ ਹਨ, ਪਰ ਮਾਂ ਦਾ ਹੀ ਇਕ ਅਜਿਹਾ ਰਿਸ਼ਤਾ ਹੈ, ਜੋ ਬੱਚੇ ਦੇ ਜਨਮ ਤੋਂ ਵੀ ਨੌਂ ਮਹੀਨੇ ਪਹਿਲਾਂ ਦਾ ਹੁੰਦਾ ਹੈ। ਲਗਪਗ ਸਾਰੇ ਰਿਸ਼ਤੇ ਮਨੁੱਖ ਲਈ ਦੁੱਖ ਅਤੇ ਸੁੱਖ ਦਾ ਪ੍ਰਤੀਕ ਹੁੰਦੇ ਹਨ, ਪਰ ਪੂਰੀ ਦੁਨੀਆਂ ਵਿਚ ਮਾਂ ਦਾ ਰਿਸ਼ਤਾ ਹੀ ਇਕ ਅਜਿਹਾ ਰਿਸ਼ਤਾ ਹੈ, ਜੋ ਕੇਵਲ ਸੁੱਖ ਦਾ ਪ੍ਰਤੀਕ ਹੈ। ਮਨੁੱਖ ਜਦੋਂ ਬਹੁਤ ਜ਼ਿਆਦਾ ਦੁਖੀ ਹੁੰਦਾ ਹੈ ਤਾਂ ਉਸ ਦੇ ਮੂੰਹੋਂ 'ਮਾਂ' ਸ਼ਬਦ ਹੀ ਨਿਕਲਦਾ ਹੈ। ਇਸ ਸੰਸਾਰ ਵਿਚ ਹਰ ਰਿਸ਼ਤੇ ਦਾ ਬਦਲ ਹੈ ਪਰ ਮਾਂ ਦੇ ਰਿਸ਼ਤੇ ਦਾ ਕੋਈ ਬਦਲ ਨਹੀਂ ਹੈ। ਕਿਸੇਸ਼ਾਇਰ ਨੇ ਲਿਖਿਆ ਹੈ:-ਮਾਪੇ ਮਰਨ 'ਤੇ ਹੋਣ ਯਤੀਮ ਬੱਚੇ,ਸਿਰੋਂ ਉੱਠ ਜਾਂਦੀ ਐ ਛਾਂ ਲੋਕੋ।ਜੱਗ ਚਾਚੀਆਂ ਮਾਸੀਆਂ ਲੱਖ ਹੋਵਣ, ਕੋਈ ਬਣ ਨਹੀਂ ਸਕਦੀ 'ਮਾਂ' ਲੋਕੋ।ਪੰਜਾਬੀ ਦੇ ਕਿੱਸਾ ਸਾਹਿਤ ਵਿਚ 'ਮਾਂ' ਦਾ ਜ਼ਿਕਰ ਬੜੀ ਸ਼ਰਧਾ ਅਤੇ ਪਿਆਰ ਸਹਿਤ ਕੀਤਾ ਗਿਆ :-ਮਾਂਵਾਂ ਠੰਢੀਆਂ ਛਾਂਵਾਂ, ਛਾਂਵਾਂ ਕੌਣ ਕਰੇ।ਰੂਪ ਬਸੰਤ ਦੀ ਹਾਮੀ, 'ਮਾਂ' ਬਿਨ ਕੌਣ ਭਰੇ।ਆਧੁਨਿਕ ਪੰਜਾਬੀ ਸਾਹਿਤ ਦੇ ਪ੍ਰਸਿੱਧ ਪ੍ਰਗਤੀਵਾਦੀ ਕਵੀ ਪ੍ਰੋ. ਮੋਹਨ ਸਿੰਘ ਨੇ 'ਮਾਂ' ਦੀ ਉਸਤਤੀ ਵਿਚ ਬਹੁਤ ਖੂਬਸੂਰਤ ਸਤਰਾਂ ਲਿਖੀਆਂ ਹਨ:-ਮਾਂ ਵਰਗਾ ਘਣਛਾਂਵਾਂ ਬੂਟਾ, ਮੈਨੂੰ ਨਜ਼ਰ ਨਾ ਆਏ।ਲੈ ਕੇ ਜਿਸ ਤੋਂ ਛਾਂ ਉਧਾਰੀ, ਰੱਬ ਨੇ ਸਵਰਗ ਬਣਾਏ।ਬਾਕੀ ਕੁੱਲ ਦੁਨੀਆਂ ਦੇ ਬੂਟੇ, ਜੜ੍ਹ ਸੁੱਕਿਆਂ ਮੁਰਝਾਂਦੇ।ਐਪਰ ਫੁੱਲਾਂ ਦੇ ਮੁਰਝਾਇਆਂ, ਇਹ ਬੂਟਾ ਸੁੱਕ ਜਾਏ।ਆਮ ਤੌਰ 'ਤੇ ਇਹ ਕਿਹਾ ਜਾਂਦਾ ਹੈ ਕਿ ਧਰਤੀ ਦਾ ਜਿਗਰਾ ਸਭ ਤੋਂ ਵੱਡਾ ਹੈ, ਅਸਮਾਨ ਅਨੰਤ ਹੈ ਅਤੇ ਸਮੁੰਦਰ ਦੀ ਡੂੰਘਾਈ ਦੀ ਕੋਈ ਥਾ ਨਹੀਂ ਪਾ ਸਕਦਾ। ਇਹ ਗੱਲਾਂ ਕੇਵਲ ਉਹੀ ਲੋਕ ਕਰ ਸਕਦੇ ਹਨ ਜਿਨ੍ਹਾਂ ਨੇ ਮਾਂ ਦੀ ਸਹਿਨਸ਼ੀਲਤਾ ਅਤੇ ਮਾਂ ਦੀ ਮਮਤਾ ਦੀ ਗਹਿਰਾਈ ਨੂੰ ਨਹੀਂ ਦੇਖਿਆ ਹੁੰਦਾ। ਪੂਰੇ ਬ੍ਰਹਿਮੰਡ ਵਿਚ ਜਿਸ ਦਾ ਕੋਈ ਅੰਤ ਨਹੀਂ, ਉਸ ਨੂੰ ਅਸਮਾਨ ਜਾਂ ਆਕਾਸ਼ ਕਿਹਾ ਜਾਂਦਾ ਹੈ ਅਤੇ ਇਸ ਦੁਨੀਆਂ ਵਿਚ ਜਿਸ ਦਾ ਕੋਈ ਅੰਤ ਨਹੀਂ, ਉਸ ਨੂੰ 'ਮਾਂ' ਕਿਹਾ ਜਾਂਦਾ ਹੈ। ਮਾਂ ਜਦ ਤਕ ਜਿਊਂਦੀ ਰਹਿੰਦੀ ਹੈ, ਆਪਣੀ ਮਮਤਾ ਦੀ ਛਾਂ ਨਾਲ ਆਪਣੇ ਬੱਚਿਆਂ ਦਾ ਪਾਲਣ-ਪੋਸ਼ਣ ਕਰਦੀ ਰਹਿੰਦੀ ਹੈ। ਬਦਕਿਸਮਤੀ ਨਾਲ ਜੇਕਰ ਕਿਸੇ ਬੱਚੇ ਦੇ ਪਿਤਾ ਦੀ ਛੋਟੀ ਉਮਰ ਵਿਚ ਹੀ ਮੌਤ ਹੋ ਜਾਵੇ ਤਾਂ ਉਸ ਦੀ ਮਾਂ ਅਨੇਕਾਂ ਦੁੱਖ ਝੱਲਦੀ ਹੋਈ ਵੀ ਉਸ ਨੂੰ ਪਾਲ ਲੈਂਦੀ ਹੈ। ਕਿਹਾ ਜਾਂਦਾ ਹੈ ਕਿ ਪ੍ਰਮਾਤਮਾ ਨੇ ਜੇਕਰ ਆਪਣੇ ਆਪ ਨੂੰ ਪਰਗਟ ਕਰਨਾ ਹੁੰਦਾ ਹੈ, ਇਸ ਧਰਤੀ ਉਪਰ ਕੋਈ ਸਿਰਜਣਾ ਕਰਨੀ ਹੁੰਦੀ ਹੈ ਤਾਂ ਉਹ ਵੀ ਮਾਂ ਨੂੰ ਹੀ ਮਾਧਿਅਮ ਬਣਾਉਂਦਾ ਹੈ ਅਤੇ ਇਸ ਪ੍ਰਕਾਰ ਉਹ ਸੰਸਾਰ ਦਾ ਨਿਰਮਾਣ ਕਰਦਾ ਹੈ।'ਮਾਂ' ਕੇਵਲ ਇਕ ਸਰੀਰ ਦਾ ਨਾਂ ਹੀ ਨਹੀਂ ਹੈ, ਸਗੋਂ ਇਕ ਸਾਧਨਾ ਹੈ, ਭਗਤੀ ਹੈ, ਪੂਜਾ ਹੈ।



ਮਾਂ ਤਾਂ ਪ੍ਰਤੱਖ ਤੌਰ 'ਤੇ ਪ੍ਰਮਾਤਮਾ ਹੈ। 'ਮਾਂ' ਆਪਣੇ ਆਪ ਵਿਚ ਇਕ ਧਰਮ ਹੈ, ਇਕ ਮੰਦਰ ਹੈ, ਇਕ ਤੀਰਥ ਸਥਾਨ ਹੈ। 'ਮਾਂ' ਇਕ ਅਜਿਹੀ ਮੂਰਤ ਹੈ ਜਿਸ ਨੇ ਸਾਡਾ ਸਾਰਿਆਂ ਦਾ ਨਿਰਮਾਣ ਕੀਤਾ ਹੈ। ਇਸ ਲਈ ਸਾਡਾ ਸਾਰਿਆਂ ਦਾ ਨਿਰਛਲ ਫਰਜ਼ ਬਣਦਾ ਹੈ ਕਿ ਪ੍ਰਮਾਤਮਾ ਦੀ ਪੂਜਾ ਕਰਨ ਦੇ ਨਾਲ-ਨਾਲ ਉਸ 'ਮਾਂ' ਦੀ ਪੂਜਾ ਵੀ ਕਰੀਏ, ਜਿਸ ਨੇ ਸਾਨੂੰ ਸਾਰਿਆਂ ਨੂੰ ਬਣਾਇਆ ਹੈ। ਪੰਜਾਬੀ ਦੇ ਗੀਤਕਾਰ ਹਰਦੇਵ ਦਿਲਗੀਰ ਨੇ ਮਾਂ ਦੀ ਵਡਿਆਈ ਕਰਦਿਆਂ ਇਕ ਬਹੁਤ ਹੀ ਪਿਆਰੇ ਗੀਤ ਦੀ ਰਚਨਾ ਕੀਤੀ ਹੈ। ਜਿਸ ਦੇ ਬੋਲ ਇਉਂ ਹਨ :-ਮਾਂ ਹੁੰਦੀ ਏ ਮਾਂ, ਓ ਦੁਨੀਆਂ ਵਾਲਿਓ।ਮਾਂ ਹੈ ਠੰਡੀੜੀ ਛਾਂ, ਓ ਦੁਨੀਆਂ ਵਾਲਿਓ,ਮਾਂ ਦੀ ਪੂਜਾ, ਰੱਬ ਦੀ ਪੂਜਾ,ਮਾਂ ਤਾਂ ਰੱਬ ਦਾ ਰੂਪ ਹੈ ਦੂਜਾ।ਮਾਂ ਹੈ, ਰੱਬ ਦਾ ਨਾਂ, ਓ ਦੁਨੀਆਂ ਵਾਲਿਓ।ਮਾਂ ਹੁੰਦੀ ਏ ਮਾਂ, ਓ ਦੁਨੀਆਂ ਵਾਲਿਓ।

**ਡਾ. ਇਕਬਾਲ ਸਿੰਘ**

# ਧੂਪ



ਗਿ. ਗੁਰਜੀਤ ਸਿੰਘ ਪਟਿਆਲਾ, ਮੁੱਖ ਸੰਪਾਦਕ

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਗੁਰਬਾਣੀ ਦੇ ਵਿੱਚ ਸੰਸਕ੍ਰਿਤ ਤੇ ਫਾਰਸੀ ਭਾਸ਼ਾਵਾਂ ਦੇ ਅਨੇਕਾਂ ਸ਼ਬਦ ਇੱਕ ਜੈਸੇ ਹਨ, ਜਿਨਾਂ ਦੇ ਅਰਥ ਵੱਖਰੇ ਹਨ ਉਦਾਹਰਨ ਦੇ ਤੌਰ 'ਤੇ ਜਨ ਤੇ ਕਰਮ; ਸੰਸਕ੍ਰਿਤ ਦੇ ਵਿੱਚ 'ਜਨ' ਦਾਸ ਨੂੰ ਕਹਿੰਦੇ ਨੇ ਤੇ ਫਾਰਸੀ ਦੇ ਵਿੱਚ ਇਸਤਰੀ ਨੂੰ, ਫਾਰਸੀ ਦੇ ਵਿੱਚ 'ਬਖਸ਼ਿਸ਼' ਨੂੰ ਕਰਮ ਕਿਹਾ ਜਾਂਦਾ ਤੇ ਸੰਸਕ੍ਰਿਤ ਦੇ ਵਿੱਚ ਹੱਥਾਂ ਦੇ ਨਾਲ ਕਰਨ ਨੂੰ ਕਰਮ ਆਖਦੇ ਹਨ। ਪਰ ਇੱਕ ਭਾਸ਼ਾ ਦੇ ਵਿੱਚ ਵੀ ਇੱਕ ਸ਼ਬਦ ਦੇ ਅਨੇਕਾਂ ਅਰਥ ਹੁੰਦੇ ਹਨ, ਜਿਵੇਂ ਧੂਪ, ਜਿਸ ਨੂੰ ਆਮ ਬੋਲ ਚਾਲ ਦੇ ਵਿੱਚ ਧੁੱਪ ਆਖਿਆ ਜਾਂਦਾ ਹੈ। ਸੂਰਜ ਦੀਆਂ ਧਰਤੀ 'ਤੇ ਪਈਆਂ ਹੋਈਆਂ ਕਿਰਨਾਂ ਨੂੰ ਧੂਪ ਆਖਿਆ ਜਾਂਦਾ ਹੈ, ਭਗਤ ਸ੍ਰੀ ਸੈਣ ਜੀ ਕਮਲਾ ਪਤੀ ਤੋਂ ਬਲਿਹਾਰ ਜਾਣਾ ਹੀ ਧੂਪ ਦੀਪ ਤੇ ਘਿਓ ਆਦਿਕ ਦੇ ਨਾਲ ਸਜਾ ਕੇ ਆਰਤੀ ਕਰਨਾ ਮੰਨਦੇ ਹਨ। ਫੁਰਮਾਨ ਹੈ:

ਧੂਪ ਦੀਪ ਘ੍ਰਿਤ ਸਾਜਿ ਆਰਤੀ।।ਵਾਰਨੇ ਜਾਉ ਕਮਲਾਪਤੀ।।

ਉੱਥੇ ਹੀ ਜਾਹਰ ਪੀਰ ਜਗਤ ਗੁਰ ਬਾਬਾ ਗੁਰੂ ਨਾਨਕ ਦੇਵ ਸਾਹਿਬ ਜੀ ਮਲਯ ਪਰਬਤ ਚੰਦਨ ਦੇ ਬੂਟੇ ਹੋਣ ਕਰਕੇ ਉਧਰੋਂ ਆਉਣ ਵਾਲੀ ਹਵਾ ਸੁਗੰਧੀ ਵਾਲੀ ਹੁੰਦੀ ਹੈ, ਦਾ ਫੁਰਮਾਨ ਕਰਦੇ ਹਨ:

ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ।। (ਸ੍ਰੀ ਗੁਰੂ ਗ੍ਰੰਥ ਸਾਹਿਬ,੧੩)

ਭਾਈ ਕਾਨ੍ਹ ਸਿੰਘ ਨਾਭਾ ਦੁਬਾਰਾ ਰਚਿਤ 'ਮਹਾਨ ਕੋਸ਼' ਦੇ ਅਨੁਸਾਰ ਸੰਸਕ੍ਰਿਤ ਦਾ ਸ਼ਬਦ ਧੂਪ ਗੁਗਲ, ਚੰਦਨ ਕੁਠ ਕੇਸਰ, ਮੋਥਾ ਕਪੂਰ ਅਗੁਰ ਜਾਤੀਫਲ ਆਦਿ ਸੁਗੰਧ ਵਾਲੇ ਪਦਾਰਥਾਂ ਦਾ ਧੂਆ। ਭਾਈ ਕਾਨ ਸਿੰਘ ਨਾਭਾ ਲਿਖਦੇ ਹਨ ਦੇਵ ਮੰਦਰਾਂ ਅਤੇ ਸਮਾਜਾਂ ਦੇ ਵਿੱਚ ਧੂਪ ਧੁਖਾਉਣ ਦੀ ਰੀਤੀ ਬਹੁਤ ਪੁਰਾਣੀ ਹੈ ਤੇ ਇਸ ਨੂੰ ਲਾਭਦਾਇਕ ਜਾਣ ਕੇ ਕਿਸੇ ਨਾ ਕਿਸੇ ਰੂਪ ਦੇ ਵਿੱਚ ਸਾਰੇ ਹੀ ਮਤਾਂ ਨੇ ਅੰਗੀਕਾਰ ਕੀਤਾ ਹੈ... ਡਾਕਟਰ ਗੁਰਚਰਨ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼ ਦੇ ਵਿੱਚ ਸੂਰਜ ਦੀ ਧੁਪ, ਸੁਗੰਧ ਵਾਲਾ ਧੂੰਆਂ ਪੈਦਾ ਕਰਨ ਵਾਲੇ ਪਦਾਰਥ ਲਿਖਦੇ ਹਨ। ਧੂਪ: ਧੂਆਂ ਪਵਿੱਤਰ ਦਾ ਸੰਖੇਪ ਹੈ। ਪਦਾਰਥਾਂ ਨੂੰ ਜਲਾਉਣ ਦੇ ਨਾਲ ਅੱਗ ਅਤੇ ਧੂੰਆਂ ਇਕੱਠੇ ਹੀ ਪ੍ਰਗਟ ਹੁੰਦੇ ਹਨ, ਧੂੰਏਂ ਦੀਆਂ ਵੀ ਅੱਗੋਂ ਦੋ ਕਿਸਮਾਂ, ਸੁਗੰਧ ਤੇ ਦੁਰਗੰਧ ਵਾਲਾ ਧੂੰਆਂ, ਧੂੰਆਂ ਹਵਾ ਪ੍ਰਦੂਸ਼ਣ ਦਾ ਸਭ ਤੋਂ ਪ੍ਰਮੁੱਖ ਕਾਰਨ ਹੈ ਜਿਸ ਨਾਲ ਸਾਹ ਸੰਬੰਧੀ ਬਿਮਾਰੀਆਂ ਜਿਵੇਂ ਦਮਾ ਖੰਘ ਤੇ ਫੇਫੜਿਆਂ ਦੇ ਰੋਗ ਪੈਦਾ ਹੁੰਦੇ ਹਨ। ਵਾਹਨਾਂ ਅਤੇ ਫੈਕਟਰੀਆਂ ਦਾ ਧੂੰਆਂ ਵਾਤਾਵਰਨ ਨੂੰ ਗੰਦਾ ਕਰਦਾ ਤੇ ਗਲੋਬਲ ਵਾਰਮਿੰਗ ਵਧਾਉਂਦਾ ਹੈ। ਧੂੰਆਂ ਅੱਖਾਂ ਵਿੱਚ ਜਲਨ, ਸਿਰ ਦਰਦ, ਤੇ ਦਿਲ ਦੀਆਂ ਬਿਮਾਰੀਆਂ ਦਾ ਕਾਰਨ ਵੀ ਬਣ ਸਕਦਾ ਹੈ। ਬੱਚਿਆਂ ਤੇ ਬਜ਼ੁਰਗਾਂ ਦੇ ਉੱਪਰ ਇਸ ਦਾ ਪ੍ਰਭਾਵ ਹੋਰ ਵੀ ਵੱਧ ਹੁੰਦਾ ਹੈ। ਵਿਦਵਾਨਾਂ ਦਾ ਮੰਨਣਾ ਕਿ ਪਵਿੱਤਰ ਧੂੰਏਂ ਦੀ ਮਹਿਕ ਮਨ ਨੂੰ ਸ਼ਾਂਤ ਕਰਦੀ ਹੈ, ਤੇ ਹਵਾ ਵਿੱਚ ਮੌਜੂਦ ਕੁਝ ਜੀਵਾਣੂਆਂ ਨੂੰ ਨਸ਼ਟ ਕਰਦੀ ਹੈ ਜਿਸ ਨਾਲ ਹਵਾ ਸ਼ੁੱਧ ਰਹਿੰਦੀ ਹੈ।




ਵੇਦ ਜਿਨ੍ਹਾਂ ਨੂੰ ਈਸ਼ਰ ਕ੍ਰਿਤ ਕਹਿਆ ਗਿਆ ਹੈ ਅਸਲ ਵਿਚ ਬ੍ਰਹਮਾ ਜਾਂ ਰਿਸ਼ੀਆਂ ਦੇ ਉਚਾਰੇ ਹੋਏ ਹਨ। 'ਜੈ ਕਾਰਣਿ ਬੇਦ ਬ੍ਰਹਮੈ ਉਚਰੇ...' ਗੁਰਬਾਣੀ ਦਾ ਅਕੱਟ ਪ੍ਰਮਾਣ ਹੈ। ਅੰਜੀਲ ਦੀ ਰਚਨਾ ਵੀ ਉਨ੍ਹਾਂ ਦੇ ਚੇਲਿਆਂ ਵੱਲੋਂ ਇਕੱਤ੍ਰ ਕੀਤੀ ਗਈ ਹੈ। ਕੁਰਾਨ ਵੀ ਮੁਹੰਮਦ ਸਾਹਿਬ ਦੇ ਆਪਣੇ ਬਚਨ ਜਾਂ ਉਪਦੇਸ਼ ਨਹੀਂ ਸਗੋਂ ਫ਼ਰਿਸ਼ਤਿਆਂ ਰਾਹੀਂ ਆਏ ਹੋਏ ਰੱਬੀ ਹੁਕਮ ਹਨ। ਸ੍ਰੀ ਕ੍ਰਿਸ਼ਨ ਜੀ ਦਾ ਕੋਈ ਵੀ ਮੁਖ ਵਾਕ ਬਚਨ ਸਾਡੇ ਪਾਸ ਨਹੀਂ ਹੈ, ਗੀਤਾ ਦਾ ਰਚਨਹਾਰ ਵਿਆਸ ਰਿਸ਼ੀ ਪ੍ਰਸਿੱਧ ਹੈ। ਰਾਮ ਚੰਦਰ ਜੀ ਦੀ ਰਸਨਾ ਤੋਂ ਉਚਾਰੇ ਬਚਨ ਵੀ ਸਾਡੇ ਤੱਕ ਨਹੀਂ ਅਪੜ ਸਕੇ। ਪਰ ਮਹਾਨ ਦੂਰਦਰਸ਼ੀ ਤੇ ਮਹਾਂ ਅਨੁਭਵੀ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਪਿਆਰੀ ਸੱਚੀ, ਮਿੱਠੀ ਤੇ ਠੰਡੀ ਅੰਮ੍ਰਿਤਮਈ ਬਾਣੀ ਆਪਣੀ ਰਸਨਾ ਰਾਹੀਂ ਜਗਤ ਨੂੰ ਸੁਣਾਈ, ਲਿਖਾਈ ਤੇ ਹੂ-ਬਹੂ ਸਾਡੇ ਤਕ ਅਪੜਾਈ। ਇਹ ਉਹ ਸੁੰਦਰ ਮਿੱਠੀ ਤੇ ਠੰਡੀ ਰੌਸ਼ਨੀ ਹੈ ਜੋ ਸਦਾ ਜੀਆਂ ਦੇ ਹਿਰਦੇ ਠਾਰਦੀ ਤੇ ਅੰਧੇਰੇ ਮਨਾਂ ਅੰਦਰ ਚਾਨਣਾ ਕਰਦੀ ਰਹੇਗੀ ਤੇ ਪ੍ਰਮਾਰਥ ਦੇ ਭੁੱਲੇ ਭਟਕੇ ਰਾਹੀਆਂ ਲਈ ਚਾਨਣ ਮੁਨਾਰੇ ਦਾ ਕੰਮ ਦੇਂਦੀ ਰਹੇਗੀ।ਇਹ ਅਕਾਲ ਪੁਰਖ ਦੀ ਬਾਣੀ ਹੈ, ਇਹ ਆਪਣੇ ਅਸਲੀ ਘਰ ਸਵੈ-ਸਰੂਪ ਵਿਚ ਵਾਸਾ ਕਰਾ ਦੇਣ ਦੀ ਸਮਰੱਥਾ ਰਖਦੀ ਹੈ ਪਰ ਇਸ ਦੀ ਸ੍ਰੇਸ਼ਟ ਵੀਚਾਰ ਕਿਸੇ ਵਿਰਲੇ ਗੁਰਮੁਖ ਦੇ ਹੀ ਹਿੱਸੇ ਆਵੇਗੀ।ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ।। ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ।।(ਅੰਗ ੯੩੫)ਨਿਰਬਾਣ ਬ੍ਰਹਮ ਨੂੰ ਗੁਰਬਾਣੀ ਰਾਹੀਂ ਹੀ ਪਛਾਣਿਆ ਜਾ ਸਕਦਾ ਹੈ. ਹੋਰ ਕੋਈ ਵੀ ਸਾਧਨ ਕਾਰਗਰ ਸਾਬਤ ਨਹੀਂ ਹੋ ਸਕਦਾ-"ਗੁਰਬਾਣੀ ਨਿਰਬਾਣੁ ਸਬਦਿ ਪਛਾਣਿਆ।।" (ਅੰਗ ੭੫੨)

# ਪਿਆਰ

.....ਸਿੰਘ ਸਾਹਿਬ ਗਿਆਨੀ ਕ੍ਰਿਪਾਲ ਸਿੰਘ(ਸਵ.)ਵਾਹਿਗੁਰੂ ਨੂੰ ਪਿਆਰ ਰੂਪ ਕਹਿਣਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਗਤ ਨੂੰ ਵਡਮੁੱਲੀ ਦੇਣ ਹੈ। ਜਗਤ ਵਿਚ ਨਫ਼ਰਤ ਦਾ ਹੜ੍ਹ ਆਇਆ ਹੋਇਆ ਸੀ, ਘਿਰਣਾ ਨੇ ਜਾਲ ਪਸਾਰਿਆ ਹੋਇਆ ਸੀ, ਇਸ ਸਾਰੀ ਮੈਲ ਨੂੰ ਕੇਵਲ ਤੇ ਕੇਵਲ ਪਿਆਰ ਨਾਲ ਹੀ ਧੋਤਾ ਜਾ ਸਕਦਾ ਸੀ। ਪਿਆਰ ਕਰਨ ਵਾਲਿਆਂ ਲਈ ਬਖਸ਼ਿਸ਼ ਭੰਡਾਰ ਖੁਲ੍ਹਦੇ ਹਨ-ਆਪੇ ਪ੍ਰੀਤਿ ਪ੍ਰੇਮ ਪਰਮੇਸੁਰੁ ਕਰਮੀ ਮਿਲੈ ਵਡਾਈ।।੨।।(ਪ੍ਰਭਾਤੀ ਮਹਲਾ ੧, ਅੰਗ ੧੩੩੦)ਰੱਬ ਨਾਲ ਪਿਆਰ ਕਰਨਾ ਉਸ ਦੀ ਸਾਜੀ ਸ੍ਰਿਸ਼ਟੀ ਦੇ ਜੀਵਾਂ ਨਾਲ ਪਿਆਰ ਕਰਨਾ ਹੈ, ਆਪ ਨੇ ਆਪਣੇ ਸਾਰੇ ਜੀਵਨ ਵਿਚ ਨੀਵਿਆਂ, ਨਿਤਾਣਿਆਂ ਦੁਰਕਾਰਿਆਂ, ਸੂਦਰਾਂ-ਚੰਡਾਲਾਂ ਆਦਿ ਨਾਲ ਦਿਲੀ-ਪਿਆਰ ਕੀਤਾ। ਵੱਡੇ-ਵੱਡੇ ਜ਼ਾਲਮਾਂ, ਆਦਮ-ਖੋਰਾਂ ਨੂੰ ਆਪਣੇ ਪਿਆਰ ਨਾਲ ਵਸ ਕੀਤਾ। ਬੁਰਿਆਂ, ਸਰਾਪਿਆਂ, ਠੱਗਾਂ, ਚੋਰਾਂ ਤੇ ਨਾ ਬਖਸ਼ੇ ਜਾਣ ਵਾਲਿਆਂ ਨੂੰ ਬਖਸ਼ਣਾ ਕੇਵਲ ਆਪ ਦੇ ਹੀ ਹਿੱਸੇ ਆਇਆ।ਜਨਮ-ਸਾਖੀ ਦੀਆਂ ਇਹ ਦੋ ਤੁਕਾਂ ਅਟੱਲ-ਸਚਾਈ ਤੇ ਅਖਾਣ ਬਣ ਕੇ ਹਰ ਪੰਜਾਬੀ ਦੀ ਜ਼ਬਾਨ 'ਤੇ ਚੜ ਗਈਆਂ-"ਭਲਿਆਂ ਨਾਲ ਸਭ ਕਰਨ ਭਲਾਈ, ਮਾਫ਼ ਕਰਨ ਕਈ ਸਿਆਣੇ। ਬੁਰਿਆਂ ਨਾਲ ਭਲਿਆਈ ਕਰਨੀ, ਇਹ ਗੁਰ ਨਾਨਕ ਜਾਣੇ।''ਆਪ ਕੋਲ ਇਕੋ ਇਕ ਪਿਆਰ ਦਾ ਹੀ ਜਾਦੂ ਸੀ ਜੋ ਹਰ ਇਕ ਦੀ ਆਤਮਾ ਨੂੰ ਮੋਹਿਤ ਕਰ ਲੈਂਦਾ ਸੀ। ਨਿੰਮ੍ਰਤਾ, ਕਿਰਤ ਕਰਨੀ, ਵੰਡ ਛਕਣਾ ਤੇ ਇਸ਼ਨਾਨ ਆਦਿ ਵੀ ਹਜ਼ੂਰ ਦੀ ਮਹਾਨ ਦੇਣ ਹੈ, ਪਰ ਵਿਸਥਾਰ ਦੇ ਭੈ ਤੋਂ ਸੰਕੋਚ ਕੀਤਾ ਹੈ ਅਤੇ ਉਪਰੋਕਤ ਵਿਚਾਰਾਂ ਨੂੰ ਵੀ ਸੰਖੇਪ ਤੇ ਸੰਜਮ ਨਾਲ ਕਲਮ-ਬੰਦ ਕਰਨ ਦੀ ਕੋਸ਼ਿਸ਼ ਕੀਤੀ ਹੈ।

**ਸਿੰਘ ਸਾਹਿਬ ਗਿ. ਕ੍ਰਿਪਾਲ ਸਿੰਘ (ਸਵ.)**

# ਸ਼ਹੀਦ ਭਾਈ ਤਾਰਾ ਸਿੰਘ ਜੀ ਵਾਂ ਦੀ 300 ਸਾਲਾ ਸ਼ਹੀਦੀ ਸ਼ਤਾਬਦੀ ਸਬੰਧੀ ਪ੍ਰਚਾਰਕ ਜਥਿਆਂ ਨਾਲ ਮੀਟਿੰਗ

## ਸ਼ਤਾਬਦੀ ਨੂੰ ਸਮਰਪਿਤ ਇਲਾਕੇ ਦੇ ਪਿੰਡਾਂ ਅੰਦਰ ਗੁਰਮਤਿ ਸਮਾਗਮ ਕਰਕੇ ਸੰਗਤਾਂ ਨੂੰ ਪ੍ਰੇਰਿਤ ਕੀਤਾ ਜਾਵੇਗਾ - ਸ. ਕੁਲਵੰਤ ਸਿੰਘ ਮੰਨਣ

ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਸ਼ਹੀਦ ਭਾਈ ਤਾਰਾ ਸਿੰਘ ਜੀ ਵਾਂ ਦੀ 300 ਸਾਲਾ ਸ਼ਹੀਦੀ ਸ਼ਤਾਬਦੀ 14 ਮਾਰਚ 2026 ਨੂੰ ਗੁਰਦੁਆਰਾ ਸ਼ਹੀਦ ਭਾਈ ਤਾਰਾ ਸਿੰਘ ਜੀ, ਪਿੰਡ ਵਾਂ, ਜ਼ਿਲ੍ਹਾ ਤਰਨ ਤਾਰਨ ਵਿਖੇ ਖਾਲਸਾਈ ਪਰੰਪਰਾਵਾਂ ਅਨੁਸਾਰ ਮਨਾਉਣ ਅਤੇ ਸ਼ਤਾਬਦੀ ਨੂੰ ਯਾਦਗਾਰੀ ਬਣਾਉਣ ਲਈ ਇਲਾਕੇ ਦੇ ਪਿੰਡਾਂ ਅੰਦਰ ਗੁਰਮਤਿ ਸਮਾਗਮ ਕਰਕੇ ਸੰਗਤਾਂ ਨੂੰ ਪ੍ਰੇਰਿਤ ਕੀਤਾ ਜਾਵੇਗਾ। ਇਸ ਸਬੰਧ ਵਿੱਚ ਅੱਜ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਅਨੁਸਾਰ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ ਤੇ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ ਨੇ ਗੁਰਦੁਆਰਾ ਸ਼ਹੀਦ ਭਾਈ ਤਾਰਾ ਸਿੰਘ ਜੀ ਵਾਂ ਵਿਖੇ ਇਲਾਕੇ ਦੇ ਪਤਵੰਤਿਆਂ, ਪ੍ਰਚਾਰਕ, ਢਾਡੀ ਤੇ ਕਵੀਸ਼ਰ ਸਿੰਘਾਂ ਨਾਲ ਵਿਸ਼ੇਸ਼ ਇਕੱਤਰਤਾ ਕੀਤੀ।



ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ ਨੇ ਦੱਸਿਆ ਕਿ ਭਾਈ ਤਾਰਾ ਸਿੰਘ ਜੀ ਵਾਂ ਦੀ 300 ਸਾਲਾ ਸ਼ਹੀਦੀ ਸ਼ਤਾਬਦੀ ਸਬੰਧੀ ਮੁੱਖ ਸਮਾਗਮ 14 ਮਾਰਚ ਨੂੰ ਹੋਵੇਗਾ, ਜਿਸ ਵਿਚ ਸਿੰਘ ਸਾਹਿਬਾਨ, ਤਖ਼ਤ ਸਾਹਿਬਾਨ ਦੇ ਜਥੇਦਾਰ ਸਾਹਿਬਾਨ ਅਤੇ ਸਿੱਖ ਕੌਮ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰੀ ਭਰਨਗੀਆਂ। ਉਨ੍ਹਾਂ ਕਿਹਾ ਕਿ ਇਸ ਸ਼ਤਾਬਦੀ ਦਾ ਸੁਨੇਹਾ ਘਰ ਘਰ ਤੱਕ ਪਹੁੰਚਾਉਣ ਲਈ ਧਰਮ ਪ੍ਰਚਾਰ ਕਮੇਟੀ ਦੇ ਪ੍ਰਚਾਰਕ ਜਥੇ ਹਲਕੇ ਦੇ ਪਿੰਡ ਪਿੰਡ ਤੱਕ ਪਹੁੰਚ ਕੇ ਸੰਗਤਾਂ ਨੂੰ ਪ੍ਰੇਰਿਤ ਕਰਨਗੇ। ਉਨ੍ਹਾਂ ਸੰਗਤਾਂ ਨੂੰ ਸ਼ਤਾਬਦੀ ਸਮਾਗਮਾਂ ਵਿੱਚ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ।ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ ਤੇ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ ਤੋਂ ਇਲਾਵਾ ਇੰਚਾਰਜ ਸ. ਬਹਾਲ ਸਿੰਘ, ਮੈਨੇਜਰ ਸ. ਜੱਜ ਸਿੰਘ, ਮੈਨੇਜਰ ਸ. ਧਰਮਿੰਦਰ ਸਿੰਘ ਮਾਨੋਚਾਹਲ, ਪ੍ਰਚਾਰਕ ਕਮ ਨਿਗਰਾਨ ਭਾਈ ਬਲਵੰਤ ਸਿੰਘ ਐਨੋਕੋਟ, ਭਾਈ ਲਖਮੀਰ ਸਿੰਘ ਕੱਕਾ ਕੰਡਿਆਲਾ, ਭਾਈ ਹਰਜੀਤ ਸਿੰਘ ਸੁਲਤਾਨਪੁਰ ਲੋਧੀ, ਭਾਈ ਗੁਰਨਾਮ ਸਿੰਘ ਦੁਰਾਂਗਲਾ, ਭਾਈ ਵਰਿਆਮ ਸਿੰਘ, ਪ੍ਰਚਾਰਕ ਭਾਈ ਸੁਖਵਿੰਦਰ ਸਿੰਘ, ਭਾਈ ਸੁਖਪਾਲ ਸਿੰਘ ਠੱਟਾ, ਭਾਈ ਅਵਤਾਰ ਸਿੰਘ, ਭਾਈ ਗੁਰਬਚਨ ਸਿੰਘ ਕਲਸੀਆਂ, ਭਾਈ ਹਰਪ੍ਰੀਤ ਸਿੰਘ ਵਡਾਲਾ, ਭਾਈ ਹਰਪ੍ਰੀਤ ਸਿੰਘ ਜੰਡਿਆਲਾ, ਭਾਈ ਜੱਗ ਸਿੰਘ, ਭਾਈ ਰਣਜੀਤ ਸਿੰਘ ਵੜੈਚ, ਭਾਈ ਗੁਰਵਿੰਦਰ ਸਿੰਘ ਵੜੈਚ, ਭਾਈ ਗੁਰਵਿੰਦਰ ਸਿੰਘ ਖੋਦੇ ਬੇਟ, ਭਾਈ ਰਾਜਵੀਰ ਸਿੰਘ ਮੰਡਿਆਲਾ, ਭਾਈ ਦਿਲਬਾਗ ਸਿੰਘ ਭੰਗਾਲੀ, ਭਾਈ ਦਿਲਬਾਗ ਸਿੰਘ ਸਭਰਾ, ਭਾਈ ਮਨਦੀਪ ਸਿੰਘ, ਭਾਈ ਗੁਰਵਿੰਦਰ ਸਿੰਘ, ਕਵੀਸ਼ਰ ਭਾਈ ਬਲਵੰਤ ਸਿੰਘ ਢੱਡੇ, ਭਾਈ ਸਤਨਾਮ ਸਿੰਘ, ਭਾਈ ਰਣਜੀਤ ਸਿੰਘ, ਭਾਈ ਗੁਰਿੰਦਰਪਾਲ ਸਿੰਘ, ਭਾਈ ਨਰਿੰਦਰ ਸਿੰਘ, ਭਾਈ ਜਸਵਿੰਦਰ ਸਿੰਘ, ਭਾਈ ਕੁਲਵੰਤ ਸਿੰਘ, ਢਾਡੀ ਭਾਈ ਜਸਬੀਰ ਸਿੰਘ, ਭਾਈ ਗੁਰਸੇਵਕਜੀਤ ਸਿੰਘ, ਭਾਈ ਮਲਕੀਤ ਸਿੰਘ ਆਦਿ ਹਾਜ਼ਰ ਸਨ।

# ਗੁਰਦੁਆਰਾ ਸ੍ਰੀ ਅੰਬ ਸਾਹਿਬ ਮੋਹਾਲੀ ਦੀ ਜ਼ਮੀਨ ਦਾ ਮਾਮਲਾ: ਸ਼੍ਰੋਮਣੀ ਕਮੇਟੀ ਦਾ ਵਫਦ ਡਿਪਟੀ ਕਮਿਸ਼ਨਰ ਨੂੰ ਇੰਤਕਾਲ ਰੱਦ ਕਰਨ ਅਤੇ ਐਸਐਸਪੀ ਨੂੰ ਪਰਚਾ ਦਰਜ਼ ਕਰਵਾਉਣ ਲਈ ਮਿਲਿਆ

ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਦੁਆਰਾ ਸ੍ਰੀ ਅੰਬ ਸਾਹਿਬ, ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਦੀ ਜ਼ਮੀਨ ਦੇ ਮਾਮਲੇ ਵਿੱਚ ਮੋਹਾਲੀ ਦੇ ਡਿਪਟੀ ਕਮਿਸ਼ਨਰ ਨੂੰ ਇੰਤਕਾਲ ਰੱਦ ਕਰਨ, ਇਸ ਜ਼ਮੀਨ ਦੀ ਅਗੇ ਕਿਸੇ ਤਰ੍ਹਾਂ ਦੀ ਵਿਕਰੀ ਤੇ ਰੋਕ ਲਗਾਉਣ ਲਈ ਦਰਖ਼ਾਸਤ ਦੇਣ ਦੇ ਨਾਲ ਨਾਲ ਮੋਹਾਲੀ ਦੇ ਐਸਐਸਪੀ ਤੋਂ ਇਸ ਧੋਖਾਧੜੀ ਦੇ ਦੋਸੀਆਂ ਖਿਲਾਫ ਪਰਚਾ ਦਰਜ਼ ਕਰਨ ਦੀ ਮੰਗ ਕੀਤੀ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਤੇ ਅੱਜ ਸ਼੍ਰੋਮਣੀ ਕਮੇਟੀ ਦੇ ਵਫ਼ਦ ਨੇ ਮੋਹਾਲੀ ਦੇ ਡਿਪਟੀ ਕਮਿਸ਼ਨਰ ਨੂੰ ਮਿਲ ਕੇ ਗੁਰਦੁਆਰਾ ਸ੍ਰੀ ਅੰਬ ਸਾਹਿਬ ਦੀ ਜ਼ਮੀਨ ਧੋਖੇ ਨਾਲ ਵੇਚਣ ਦੇ ਮਾਮਲੇ ਵਿੱਚ ਕਾਰਵਾਈ ਦੀ ਮੰਗ ਕੀਤੀ ਹੈ। ਉਨ੍ਹਾਂ ਦਸਿਆ ਕਿ ਇਸ ਵਫ਼ਦ ਵਿੱਚ ਸ਼੍ਰੋਮਣੀ ਕਮੇਟੀ ਸਕੱਤਰ ਸ. ਪ੍ਰਤਾਪ ਸਿੰਘ, ਮੀਤ ਸਕੱਤਰ ਸ. ਗੁਰਨਾਮ ਸਿੰਘ, ਕਨੂੰਨੀ ਸਲਾਹਕਾਰ ਐਡਵੋਕੇਟ ਅਮਨਬੀਰ ਸਿੰਘ ਸਿਆਲੀ ਤੇ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਮੈਨੇਜਰ ਸ. ਰਜਿੰਦਰ ਸਿੰਘ ਰੂਬੀ ਸਾਮ਼ਲ ਸਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਲਿਖਤੀ ਤੌਰ ਤੇ ਕੀਤੀ ਮੰਗ ਵਿੱਚ ਦੱਸਿਆ ਗਿਆ ਕਿ ਗੁਰਦੁਆਰਾ ਸ੍ਰੀ ਅੰਬ ਸਾਹਿਬ ਮੋਹਾਲੀ ਮੈਨੇਜਰ ਰਜਿੰਦਰ ਸਿੰਘ ਟੌਹੜਾ ਨੇ ਗ਼ਲਤ ਤਰੀਕੇ ਨਾਲ ਜਾਹਲਸਾਜੀ ਕਰਦਿਆਂ ਗੁਰਦੁਆਰਾ ਸਾਹਿਬ ਦੀ ਅਮਾਨਤ ਵਿਚ ਖਿਆਨਤ ਕੀਤੀ ਹੈ। ਇਸ ਨੇ ਜ਼ਾਹਲੀ ਦਸਤਾਵੇਜ਼ਾਂ ਰਾਹੀਂ ਜ਼ਮੀਨ ਵੇਚ ਕੇ ਪੈਸੇ ਹੜੱਪਣ ਦਾ ਵੱਡਾ ਗੁਨਾਹ ਕੀਤਾ ਹੈ। ਇਹ ਜਾਇਦਾਦ ਗੁਰਦੁਆਰਾ ਸਾਹਿਬ ਦੀ ਅਮਾਨਤ ਹੈ ਜਿਸ ਦਾ ਇੰਤਕਾਲ ਰੱਦ ਕਰਦਿਆਂ ਇਸ ਦੀ ਅੱਗੇ ਵਿਕਰੀ ਤੇ ਰੋਕ ਲਗਾਈ ਜਾਵੇ।ਸ. ਮੰਨਣ ਨੇ ਦੱਸਿਆ ਕਿ ਇਸ ਦੇ ਨਾਲ ਨਾਲ ਮੋਹਾਲੀ ਦੇ ਐਸਐਸਪੀ ਨੂੰ ਮਿਲ ਕੇ ਮੈਨੇਜਰ ਰਜਿੰਦਰ ਸਿੰਘ ਟੌਹੜਾ ਅਤੇ ਇਸ ਧੋਖਾ ਧੜੀ ਵਿੱਚ ਸਾਮ਼ਲ ਹੋਰ ਦੋਸੀਆਂ ਖਿਲਾਫ ਤੁਰੰਤ ਪਰਚਾ ਦਰਜ ਕਰਨ ਦੀ ਵੀ ਲਿਖਤੀ ਮੰਗ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸਾਹਿਬ ਦੀ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਵਾਲਿਆਂ ਨੂੰ ਕਿਸੇ ਤਰ੍ਹਾਂ ਵੀ ਬਖਸ਼ਿਆ ਨਹੀਂ ਜਾਵੇਗਾ ਅਤੇ ਇਨ੍ਹਾਂ ਵਿਰੁੱਧ ਕਾਰਵਾਈ ਵਿੱਚ ਕੋਈ ਢਿੱਲ ਨਹੀਂ ਕੀਤੀ ਜਾਵੇਗੀ।



# ਜਿਲਾ ਪ੍ਰਸ਼ਾਸਨ ਨੇ ਚੀਨੀ ਡੋਰ ਦੀ ਵਰਤੋਂ ਅਤੇ ਭੰਡਾਰ ਉੱਤੇ ਲਗਾਈ ਪਾਬੰਦੀ

ਅੰਮ੍ਰਿਤਸਰ-ਜ਼ਿਲਾ ਪ੍ਰਸ਼ਾਸਨ ਨੇ ਨਾਈਲੋਨ, ਪਲਾਸਟਿਕ ਜਾਂ ਕਿਸੇ ਹੋਰ ਸਿੰਥੈਟਿਕ ਸਮੱਗਰੀ ਤੋਂ ਬਣੇ ਪਤੰਗ ਉਡਾਉਣ ਵਾਲੇ ਧਾਗੇ ਦੀ ਦਰਾਮਦ ਅਤੇ ਵਰਤੋਂ ਜਿਸ ਨੂੰ ਚੀਨੀ ਡੋਰ ਵਜੋਂ ਜਾਣਿਆ ਜਾਂਦਾ ਹੈ, ਦੀ ਵਰਤੋਂ ਅਤੇ ਭੰਡਾਰ ਉੱਤੇ ਪਾਬੰਦੀ ਲਗਾ ਦਿੱਤੀ ਹੈ।



ਵਧੀਕ ਜਿਲਾ ਮਜਿਸਟਰੇਟ ਸ੍ਰੀ ਰੋਹਿਤ ਗੁਪਤਾ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਜਿਲ੍ਹਾ ਅੰਮ੍ਰਿਤਸਰ ਵਿੱਚ ਸਿੰਥੈਟਿਕ ਪਤੰਗ ਉਡਾਉਣ ਵਾਲਾ ਧਾਗਾ ਜੋ ਗੈਰ-ਬਾਇਓਡੀਗ੍ਰੇਡੇਬਲ ਹੋਵੇ ਜਾਂ ਸ਼ੀਸ਼ੇ, ਧਾਤ ਆਦਿ ਦੀ ਵਰਤੋਂ ਕਰਕੇ ਤਿੱਖਾ ਬਣਾਇਆ ਹੋਵੇ, ਦੇ ਨਿਰਮਾਣ, ਵਿਕਰੀ, ਸਟੋਰੇਜ, ਖਰੀਦ, ਸਪਲਾਈ, ਆਵਾਜਾਈ 'ਤੇ ਪੂਰਨ ਪਾਬੰਦੀ ਹੋਵੇਗੀ। ਉਨਾਂ ਸਪੱਸ਼ਟ ਕੀਤਾ ਕਿ ਪਤੰਗ ਉਡਾਉਣ ਦੀ ਇਜਾਜ਼ਤ ਸਿਰਫ਼ ਸੂਤੀ ਧਾਗੇ ਨਾਲ ਹੀ ਹੋਵੇਗੀ ਜੋ ਕਿਸੇ ਵੀ ਤਿੱਖੇ/ਧਾਤੂ ਸ਼ੀਸ਼ੇ ਦੇ ਹਿੱਸੇ/ਚਿਪਕਣ ਵਾਲੇ/ਧਾਗੇ ਨੂੰ ਮਜ਼ਬੂਤ ਕਰਨ ਵਾਲੀ ਸਮੱਗਰੀ ਤੋਂ ਮੁਕਤ ਹੋਵੇ। ਉਨਾਂ ਦੱਸਿਆ ਕਿ ਆਪਣੇ ਹੁਕਮਾਂ ਵਿੱਚ ਉਪ ਮੰਡਲ ਮੈਜਿਸਟਰੇਟ ਅਤੇ ਜਿਲ੍ਹਾ ਸਿੱਖਿਆ ਅਧਿਕਾਰੀ ਐਲੀਮੈਂਟਰੀ ਅਤੇ ਸੈਕੰਡਰੀ ਨੂੰ ਆਦੇਸ਼ ਦਿੱਤੇ ਹਨ ਕਿ ਆਪਣੇ ਆਪਣੇ ਅਧਿਕਾਰ ਖੇਤਰਾਂ ਵਿੱਚ ਜਨਤਕ ਜਾਗਰੂਕਤਾ ਮੁਹਿੰਮ ਚਲਾਉਣ ਤਾਂ ਜੋ ਨਾਗਰਿਕਾਂ, ਖਾਸ ਤੌਰ ਤੇ ਬੱਚਿਆਂ ਨੂੰ ਪਲਾਸਟਿਕ, ਨਾਇਲਨ ਜਾਂ ਇਸ ਤਰ੍ਹਾਂ ਦੇ ਸੰਥੈਟਿਕ ਪਦਾਰਥਾਂ ਤੋਂ ਬਣੇ ਧਾਗੇ/ਮਾਂਜ਼ਾ ਜਾਂ ਜਿਸ ਵਿੱਚ ਚੀਨੀ ਧਾਗਾ ਜਾਂ ਪਤੰਗ ਉਡਾਉਣ ਲਈ, ਕਿਸੇ ਹੋਰ ਧਾਗੇ ਨਾਲ ਲੇਪ ਵਾਲੇ ਕੱਚ, ਧਾਤੂ ਦੇ ਹਿੱਸਿਆਂ ਦੀ ਵਰਤੋਂ ਦੇ ਖਤਰਿਆਂ ਬਾਰੇ ਜਾਗਰੂਕ ਕੀਤਾ ਜਾ ਸਕੇ। ਉਨਾਂ ਕਿਹਾ ਕਿ ਪਤੰਗ ਉਡਾਉਣ ਦੌਰਾਨ ਲੋਕਾਂ ਅਤੇ ਪੰਛੀਆਂ ਨੂੰ ਪਲਾਸਟਿਕ, ਨਾਈਲੋਨ ਜਾਂ ਇਸ ਤਰ੍ਹਾਂ ਦੀ ਸਿੰਥੈਟਿਕ ਸਮੱਗਰੀ ਤੋਂ ਬਣੇ ਧਾਗੇ ਨਾਲ ਬਹੁਤ ਜ਼ਿਆਦਾ ਸੱਟਾਂ ਲੱਗਦੀਆਂ ਹਨ। ਬਹੁਤ ਸਾਰੇ ਪੰਛੀਆਂ ਦੀ ਮੌਤ ਦਾ ਕਾਰਨ ਬਣਦਾ ਹੈ, ਇਸ ਲਈ ਲੋਕਾਂ ਨੂੰ ਇਸਦੇ ਘਾਤਕ ਪ੍ਰਭਾਵਾਂ ਤੋਂ ਬਚਾਉਣਾ ਜ਼ਰੂਰੀ ਹੈ । ਮਾਮਲੇ ਦੀ ਤਤਕਾਲਤਾ ਨੂੰ ਧਿਆਨ ਵਿੱਚ ਰੱਖਦੇ ਹੋਏ, ਇਹ ਹੁਕਮ ਇੱਕਤਰਫਾ ਪਾਸ ਕੀਤਾ ਗਿਆ ਅਤੇ ਇਹ 9 ਅਪ੍ਰੈਲ 2026 ਤੱਕ ਲਾਗੂ ਰਹੇਗਾ।

# ਖ਼ਾਲਸਾ ਅਖ਼ਬਾਰ

ਗਿਆਨੀ ਦਿੱਤ ਸਿੰਘ ਜੀ ਦਾ ਪੰਜਾਬੀ ਪੱਤਰਕਾਰੀ ਨਾਲ ਬਹੁਤ ਗੂੜਾ ਸਬੰਧ ਰਿਹਾ ਤੇ ਖ਼ਾਲਸਾ ਅਖ਼ਬਾਰ (ਸਪਤਾਹਿਕ) ਜੋ ੧੩ ਜੂਨ ੧੮੮੬ ਈ. ਨੂੰ ਸ਼ੁਰੂ ਹੋਇਆ ਸੀ, ਇਹ ਸਿੰਘ ਸਭਾ ਲਾਹੌਰ ਨੇ ਆਪਣੇ ਉਦੇਸ਼ਾਂ ਤੇ ਪ੍ਰਚਾਰ ਨੂੰ ਮੁੱਖ ਰੱਖ ਕੇ ਸ਼ੁਰੂ ਕੀਤਾ ਸੀ। ਫਿਰ ੧੦ ਜੁਲਾਈ ੧੮੮੬ ਈ. ਤੋਂ ਖ਼ਾਲਸਾ ਅਖ਼ਬਾਰ ਦਾ ਨਾਮ 'ਖ਼ਾਲਸਾ ਅਖ਼ਬਾਰ ਲਾਹੌਰ ਲਿਖਣਾ ਸ਼ੁਰੂ ਹੋਇਆ। ਖ਼ਾਲਸਾ ਅਖਬਾਰ ਦੇ ਉਸ ਸਮੇਂ ਛਪੇ ਸੰਪਾਦਕੀ ਲੇਖਾਂ ਤੋਂ ਮਹਿਸੂਸ ਹੁੰਦਾ ਹੈ ਕਿ ਇਸ ਸਮੇਂ ਤੋਂ ਹੀ ਗਿਆਨੀ ਦਿੱਤ ਸਿੰਘ ਜੀ ਨੇ ਬਤੌਰ ਸੰਪਾਦਕ ਜ਼ਿੰਮੇਵਾਰੀ ਸੰਭਾਲ ਲਈ ਸੀ। ਫਿਰ ਅਕਤੂਬਰ ੧੮੮੯ ਤੋਂ ਬਾਅਦ ਇਸ ਅਖ਼ਬਾਰ ਦਾ ਕੋਈ ਵੀ ਅੰਕ ਪੜ੍ਹਨ ਨੂੰ ਨਹੀਂ ਮਿਲਿਆ ਤੇ ਕੁਝ ਸਮੇ ਲਈ ਇਹ ਅਖ਼ਬਾਰ ਛਪਣਾ ਬੰਦ ਹੋ ਗਿਆ ਸੀ। ਫਿਰ ੧ ਮਈ ੧੮੯੩ ਈ. ਤੋਂ ਲੈ ਕੇ ੨੩ ਅਗਸਤ ੧੯੦੧ ਈ. ਤੱਕ 'ਖ਼ਾਲਸਾ ਅਖ਼ਬਾਰ ਲਾਹੌਰ ਗਿਆਨੀ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ। ਪਹਿਲਾਂ ਇਹ ੮ ਪੰਨਿਆਂ ਦਾ ਸੀ ਪਰ ਜਨਵਰੀ ੧੮੯੮ ਤੋਂ ੧੨ ਪੰਨਿਆਂ ਦਾ ਛਪਣਾ ਸ਼ੁਰੂ ਹੋਇਆ। ੩੦ ਅਗਸਤ ੧੯੦੧ ਨੂੰ ਗਿਆਨੀ ਜੀ ਦੀ ਸਿਹਤ ਵਧੇਰੇ ਖ਼ਰਾਬ ਹੋਣ ਕਰਕੇ ਭਾਈ ਮੱਯਾ ਸਿੰਘ ਜੀ ਨੇ ਸੰਪਾਦਕੀ ਲਿਖੀ ਹੈ। ਫਿਰ ੬ ਸਤੰਬਰ ੧੯੦੧ ਨੂੰ ਦਿਨ ਦੇ ਸਾਢੇ ਦਸ ਵਜੇ ਗਿਆਨੀ ਜੀ ਅਕਾਲ ਚਲਾਣਾ ਕਰ ਗਏ। ਖ਼ਾਲਸਾ ਅਖ਼ਬਾਰ ਲਾਹੌਰ ਨੂੰ ਜਿਸ ਸਫ਼ਲਤਾ ਤੇ ਚੜ੍ਹਦੀ ਕਲਾ ਨਾਲ ਗਿਆਨੀ ਜੀ ਨੇ ਚਲਾਇਆ,ਇਹ ਸਿੱਖ ਪੱਤਰਕਾਰੀ ਨੂੰ ਉਹਨਾਂ ਦੀ ਮਹਾਨ ਦੇਣ ਕਹੀ ਜਾ ਸਕਦੀ ਹੈ। ਇਸ ਅਖ਼ਬਾਰ ਨੇ ਸਿੱਖ ਪੰਥ ਵਿਚ ਪੁਨਰ ਜਾਗ੍ਰਿਤੀ ਲਿਆਉਣ ਅਹਿਮ ਭੂਮਿਕਾ ਨਿਭਾਈ ਹੈ। ਬਾਅਦ ਵਿਚ ਇਹ ਅਖ਼ਬਾਰ ੧੯੦੫ ਈ. ਤੱਕ ਭਾਈ ਮੱਯਾ ਸਿੰਘ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ ਅਤੇ ਬਾਅਦ ਵਿਚ ਸਮੇਂ ਦੇ ਗੇੜ ਵਿਚ ਚਲਦਾ ਹੋਇਆ ਬੰਦ ਹੋ ਗਿਆ।

ਅਸੀਂ ਆਪਣੇ ਉਨ੍ਹਾਂ ਪੁਰਖਿਆਂ ਦੇ ਪਾਏ ਪੂਰਨਿਆਂ 'ਤੇ ਚਲਦੇ ਹੋਏ ਮੁੜ ਕੋਸ਼ਿਸ਼ ਕਰ ਕੇ 'ਖ਼ਾਲਸਾ ਅਖ਼ਬਾਰ' ਨੂੰ ਦੁਬਾਰਾ ਪ੍ਰਕਾਸ਼ਿਤ ਕਰ ਕੇ ਪਾਠਕਾਂ ਦੀ ਖੁਸ਼ੀ ਲੈ ਰਹੇ ਹਾਂ। ਇਸ ਵਿਚ ਸਿੱਖ ਰਹਿਤ ਮਰਯਾਦਾ, ਸਿੱਖ ਇਤਿਹਾਸ, ਸਿੱਖ ਸਿਧਾਂਤਾਂ, ਸਿੱਖ ਸਰਗਰਮੀਆਂ ਨਾਲ ਸੰਬੰਧਿਤ ਪੰਥ ਦੇ ਉੱਘੇ ਵਿਦਵਾਨਾਂ, ਦਾਰਸ਼ਨਿਕਾਂ ਤੇ ਚਿੰਤਕਾਂ ਆਦਿ ਦੇ ਲੇਖ ਪੜ੍ਹਨ ਨੂੰ ਮਿਲਣਗੇ।




## ਇੱਕ ਕੋਸ਼ਿਸ਼

**ਸਾਡੇ ਪੁਰਾਤਨ ਅਖ਼ਬਾਰ ਨੂੰ ਮੁੜ ਤੋਂ ਸੁਰਜੀਤ ਕਰਨ ਦੀ**

**ਪੁਰਖਿਆਂ ਦੀ ਪੈੜ 'ਚ ਪੈਰ ਧਰਦਾ 'ਖ਼ਾਲਸਾ ਅਖ਼ਬਾਰ'**

**ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ !**

+44 74913 74913
www.khalsaakhbaar.com
editor@khalsaakhbaar.com
@khalsaakhbaar